# ਆਤਮਕ ਭੋਜਨ ਸਹੀ ਸਮੇਂ ਵਿੱਚ

ਸਿਰਫ਼ ਨਿਹਚਾ ਕਰੋ, ਸਿਰਫ਼ ਨਿਹਚਾ ਕਰੋ,
ਸਭ ਚੀਜ਼ਾਂ ਸੰਭਵ ਹਨ, ਸਿਰਫ...

ਹੁਣ, ਕਿੰਝ ਇਹ ਇਸ ਤਰ੍ਹਾਂ ਹੈ:

ਹੁਣ ਮੈਂ ਨਿਹਚਾ ਕਰਦਾ ਹਾਂ, ਹੁਣ ਮੈਂ ਨਿਹਚਾ ਕਰਦਾ ਹਾਂ,
ਸਭ ਚੀਜ਼ਾਂ ਸੰਭਵ ਹਨ, ਹੁਣ ਮੈਂ ਨਿਹਚਾ ਕਰਦਾ ਹਾਂ;
ਹੁਣ ਮੈਂ ਨਿਹਚਾ ਕਰਦਾ ਹਾਂ, ਹੁਣ ਮੈਂ ਨਿਹਚਾ ਕਰਦਾ ਹਾਂ,
ਸਭ ਚੀਜ਼ਾਂ ਸੰਭਵ ਹਨ, ਹੁਣ ਮੈਂ ਨਿਹਚਾ ਕਰਦਾ ਹਾਂ।

ਆਪਣੇ ਝੁਕੇ ਹੋ ਸਿਰਾਂ ਦੇ ਨਾਲ, ਆਓ ਹੁਣ ਖੜ੍ਹੇ ਕਹੀਏ।

ਪ੍ਰਭੂ, ਇਹ ਕੇਵਲ ਇਕ ਗੀਤ ਹੀ ਨਾ ਹੋਵੇ, ਪਰ ਆਪਣੇ ਦਿਲ ਦੀਆਂ ਡੂੰਗਿਆਈਆਂ ਤੋਂ ਇਹਨੂੰ ਗਾਈਏ, “ਹੁਣ ਮੈਂ ਨਿਹਚਾ ਕਰਦਾ ਹਾ!”। ਚੇਲਿਆਂ ਨੇ ਇਕ ਵਾਰੀ ਆਖਿਆ, ਜਦ ਕਿ ਯਿਸੂ ਨੇ ਬਹੁਤ ਸਾਰੇ ਬਲਵੰਤ ਕੰਮ ਕਰ ਵਿਖਾਏ ਸਨ। ਉਹਨਾਂ ਨੇ ਆਖਿਆ, ਕਿ ਪ੍ਰਭੂ ਹੁਣ ਅਸੀਂ ਨਿਹਚਾ ਕਰਦੇ ਹਾਂ।

ਯਿਸੂ ਨੇ ਆਖਿਆ, “ਕੀ ਤੁਸੀਂ ਹੁਣ ਨਿਹਚਾ ਕਰਦੇ ਹਾਂ”।

2 ਉਹਨਾਂ ਨੇ ਕਿਹਾ, “ਅਸੀਂ ਨਿਹਚਾ ਕਰਦੇ ਹਾਂ ਕਿ ਤੂੰ ਸਭ ਗੱਲਾਂ ਜਾਣਦਾ ਹੈਂ ਤੇ ਲੋੜ ਨਹੀਂ ਹੈ ਕਿ ਕੋਈ ਤੈਨੂੰ ਸਿਖਾਏ”। ਸੋ, ਪਿਤਾ ਅੱਜ ਰਾਤ ਅਸੀਂ ਮਹਿਸੂਸ ਕਰਦੇ ਹਾਂ ਕਿ ਤੈਨੂੰ ਸਾਡੀ ਸਿੱਖਿਆ ਦੀ ਲੋੜ ਨਹੀਂ ਹੈ, ਪਰ ਸਾਨੂੰ ਤਾਂ ਤੇਰੀ ਸਿੱਖਿਆ ਦੀ ਲੋੜ ਹੈ। ਸੋ ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੂੰ ਸਾਨੂੰ ਸਿਖਾਵੇਂਗਾ ਕਿ ਕਿੰਝ ਪ੍ਰਾਰਥਨਾ ਕਰਨੀ ਹੈ, ਕਿੰਝ ਜੀਣਾ ਹੈ, ਅਤੇ ਕਿੰਝ ਨਿਹਚਾ ਕਰਨੀ ਹੈ। ਅੱਜ ਰਾਤ ਦੀ ਬੰਦਗੀ ਵਿੱਚ ਇਹ ਬਖਸ਼ ਦੇ ਪ੍ਰਭੂ। ਜੇ ਸਾਨੂੰ ਕਿਸੇ ਚੀਜ਼ ਦੀ ਘਾਟ ਹੈ ਪ੍ਰਭੂ ਸਾਨੂੰ ਇਹ ਦੇ। ਅਸੀਂ ਇਹ ਯਿਸੂ ਮਸੀਹ ਦੇ ਨਾਂ ਵਿੱਚ ਮੰਗਦੇ ਹਾਂ, ਆਮੀਨ।

3 ਮੈਂ ਜਾਣਦਾ ਹਾਂ ਕਿ ਅਜ ਰਾਤ ਫਿਰ ਦੁਬਾਰਾ ਤੁਹਾਡੇ ਵਿੱਚੋਂ ਬਹੁਤ ਸਾਰੇ ਖੜ੍ਹੇ ਹਨ। ਅਤੇ, ਬਾਹਰ ਕੁਝ ਲੋਕਾਂ ਦੇ ਸਮੂਹ ਨੂੰ ਮਿਲਿਆ ਜੋ ਆਖਦੇ ਹਨ ਕਿ ਉਹ ਅੰਦਰ ਨਹੀਂ ਆ ਸਕੇ ਅਤੇ ਉਹ ਵੱਖਰੀਆਂ ਵੱਖਰੀਆਂ ਕਾਰਾਂ ਵਿੱਚ ਰੇਡੀਓ ਸਨ ਰਹੇ ਹਨ। ਅੱਜ ਰਾਤ ਅਸੀਂ ਜਿਨ੍ਹਾਂ ਵੀ ਛੇਤੀ ਹੋ ਸਕੇ ਕਰਨ ਦਾ ਯਤਨ ਕਰਾਂਗੇ ਤੇ ਐਤਵਾਰ ਦੀ ਰਾਤ ਅਸੀਂ ਬਿਮਾਰਾਂ ਲਈ ਪ੍ਰਾਰਥਨਾ ਕਰਾਂਗੇ ਅਤੇ ਪ੍ਰਾਰਥਨਾ ਦੀ ਲਾਈਨ ਲਵਾਂਗੇ ਜਿਦਾਂ ਕਿ ਇੱਥੇ ਉਤਾਂਹ ਅਸੀਂ ਇਕ

ਇੱਕ ਨੂੰ ਲੈ ਸਕਦੇ ਹਾਂ। ਪਰ ਇਹ ਬੰਦਗੀ ਅੱਜ ਰਾਤ ਅਸੀਂ ਬਿਮਾਰਾਂ ਲਈ ਪ੍ਰਾਰਥਨਾ ਕਰਨ ਲਈ ਕਰ ਰਹੇ ਹਾਂ।

4 ਅਤੇ ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਪਰਮੇਸ਼ਵਰ ਦੀ ਪਵਿੱਤਰ ਬਾਣੀ ਵਿੱਚ ਉਸਰ ਜਾਓ, ਵਿਸ਼ਵਾਸ ਵਿੱਚ, ਇਸ ਘੜੀ ਦੇ ਵਿਸ਼ਵਾਸ ਵਿੱਚ, ਵਿਸ਼ਵਾਸ! ਹੁਣ ਹੋਰ ਵੀ ਵਧੇਰੇ ਵਿਸ਼ਵਾਸ ਦੀ ਲੋੜ ਪਵੇਗੀ ਜੋ ਕਦੇ ਕਿਸੇ ਯੁੱਗ ਵਿੱਚ ਰਿਹਾ ਹੈ, ਕਿਉਂਕਿ ਉਹ ਸੁਰਗ ਤੇ ਉਠਾਏ ਜਾਣ ਵਾਲਾ ਵਿਸ਼ਵਾਸ ਹੈ, ਉਤਾਂਹ ਉਠਾਇਆ ਜਾਣਾ। ਅਤੇ ਅਸੀਂ ਚਾਹੁੰਦੇ ਹਾਂ ਕਿ ਅੱਜ ਰਾਤ ਤੁਸੀਂ ਉਸ ਸਭ ਵਿੱਚ ਵਿਸ਼ਵਾਸ ਕਰੋ ਜੋ ਕਿ ਤੁਸੀਂ ਵੇਖਿਆ ਹੈ, ਤੁਸੀਂ ਸੁਣਿਆ ਹੈ, ਤੇ ਉਹ ਵਚਨ ਜਿਹਦਾ ਤੁਸੀਂ ਪ੍ਰਚਾਰ ਹੁੰਦੇ ਸੁਣਿਆ ਹੈ, ਨਿਸ਼ਾਨ ਅਤੇ ਅਚੰਭੇ ਜੋ ਕਿ ਤੁਸੀਂ ਹੁੰਦੇ ਹੋਏ ਵੇਖੇ ਹਨ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਇਸ ਸਭ ਨੂੰ ਆਪਣੇ ਦਿਲ ਵਿੱਚ ਇੱਕ ਨ ਕਰ ਲਓ ਤੇ ਇਹਦੇ ਤੇ ਵਿਚਾਰ ਕਰੋ ਕਿ ਕੀ ਇਹ ਪਰਮੇਸ਼ਵਰ ਹੈ ਕਿ ਨਹੀਂ।

5 ਜਿਵੇਂ ਕਿ ਪੁਰਾਣੇ ਸਮੇਂ ਦੇ ਅਲਿਸ਼ਾ ਨੇ ਆਖਿਆ, "ਜੇ ਖੁਦਾ ਖੁਦਾ ਹੈ ਤਾਂ ਉਸਦੀ ਸੇਵਾ ਕਰੋ" ਤੇ ਜੇ ਇੱਕ ਮਸੀਹੀ ਲਈ ਯਿਸੂ ਸਭ ਚੀਜ਼ਾਂ ਦਾ ਕੇਂਦਰ ਹੈ, ਤਦ ਮੈਂ ਸੋਚਦਾ ਹਾਂ ਕਿ ਸਾਨੂੰ ਬਾਕੀ ਸਭ ਚੀਜ਼ਾਂ ਨੂੰ ਛੱਡ ਕੇ ਉਹਨੂੰ ਚਿਪਕ ਜਾਣਾ ਚਾਹੀਦਾ ਹੈ। ਯਾਦ ਰਹੇ ਉਹ ਕੇਂਦਰ ਹੈ, ਉਹ ਉੱਤਰੀ ਤਾਰਾ ਹੈ, ਉਹ ਅੰਤਲਾ ਹੈ, ਉਹ ਪੂਰਨ ਹੈ। ਅਤੇ ਜੇ ਉਹ ਉੱਤਰੀ ਤਾਰਾ ਹੈ...ਸਿਰਫ਼ ਇੱਕੋ ਹੀ ਚੀਜ਼ ਹੈ ਜਿਹੜੀ ਕਿ ਉੱਤਰੀ ਤਾਰੇ ਵੱਲ ਇਸ਼ਾਰਾ ਕਰੇਗੀ ਤੇ ਉਹ ਹੈ ਤੁਹਾਡੀ ਦਿਸ਼ਾ ਸੂਚਕ ਜਿਹਦੇ ਨਾਲ ਤੁਸੀਂ ਸਮੁੰਦਰੀ ਯਾਤਰਾ ਕਰ ਰਹੇ ਹੋ। ਅਤੇ ਜਿਹੜੀ ਦਿਸ਼ਾ ਸੂਚਕ ਦੇ ਨਾਲ ਮੈਂ ਤੁਹਾਨੂੰ ਸਫ਼ਰ ਕਰਾਉਣ ਦਾ ਯਤਨ ਕਰ ਰਿਹਾ ਹਾਂ ਵਚਨ। ਅਤੇ ਵਚਨ ਹਮੇਸ਼ਾ ਹੀ ਉਹਦੀ ਵੱਲ ਇਸ਼ਾਰਾ ਕਰਦਾ ਹੈ।

6 ਅਤੇ ਅਸੀਂ ਇੰਝ ਮਹਿਸੂਸ ਕਰਦੇ ਹਾਂ ਕਿ ਅਸੀਂ ਇੱਕ ਮਹਾਨ ਮੁਸੀਬਤਾਂ ਅਤੇ ਯਤਨਾਂ ਦੇ ਵਿੱਚੋਂ ਦੀ ਲੰਘ ਰਹੇ ਹਾਂ, ਸਮੇਂ ਦੀ ਘਬਰਾਹਟ ਅਤੇ ਕੌਮਾਂ ਦੇ ਵਿਚਕਾਰ ਮੁਸੀਬਤਾਂ ਅਤੇ ਹਰ ਕਿਸਮ ਦੀਆਂ ਚੀਜ਼ਾਂ ਵਾਪਰ ਰਹੀਆਂ ਹਨ। ਅਤੇ ਕਦੇ ਕਦੇ ਮੈਂ ਇੰਝ ਘੇਰਿਆ ਜਾਂਦਾ ਹਾਂ...ਹਰ ਥਾਂ ਜਿੱਥੇ ਮੈਂ ਵੇਖਦਾ ਹਾਂ ਇਹ ਤਾਂ ਇਸ ਤਰ੍ਹਾਂ ਹੈ ਕਿ ਬਾਹਰ ਸਮੁੰਦਰ ਵਿੱਚ ਜਹਾਜ ਵਿੱਚ ਹੋਣਾ ਅਤੇ ਮੈਨੂੰ ਕਿਸ਼ਤੀ ਦੀ ਦੇਖਭਾਲ ਸੌਂਪੀ ਗਈ ਹੈ। ਕਿੰਝ ਅਸੀਂ ਕੰਢੇ ਲਗਾਂਗੇ? ਇੱਥੇ ਇੱਕ ਚਿਤਿ ਟੋਪੀ ਵਾਲਾ ਆਉਂਦਾ ਹੈ ਤੇ ਮੇਰੇ ਜਹਾਜ ਨਾਲੋਂ ਸੌ ਗੁਣਾਂ ਵੱਡਾ ਹੈ। ਅਸੀਂ ਉਹਨਾਂ ਹਰੇਕ ਉੱਤੇ ਫ਼ਤਾਹ ਪਾ ਲਵਾਂਗੇ। ਉਹਦੇ ਦੁਆਰਾ "ਅਸੀਂ ਫਤਹਮੰਦ ਨਾਲੋਂ ਵੀ ਵੱਧ ਕੇ ਹਾਂ"। ਕਪਤਾਨ ਮੁੱਖ ਕਪਤਾਨ ਦੇ ਕੋਲ ਜਹਾਜ ਦੇ

ਅੰਤ ਵਿੱਚ ਡੋਰੀ ਫੜੀ ਹੋਈ ਹੈ, ਉਹ ਇਸਨੂੰ ਖਿੱਚੇਗਾ। ਅਸੀਂ ਉਹਨਾਂ ਸਭਨਾਂ ਤੇ ਫਤਹ ਪਾ ਲਵਾਂਗੇ।

7 ਹੁਣ ਅੱਜ ਰਾਤ, ਅਸੀਂ ਜਲਦੀ ਕਰਾਂਗੇ ਤੇ ਤੁਹਾਨੂੰ ਜਲਦੀ ਬਾਹਰ ਜਾਣ ਦਿਆਂਗੇ...ਅਸੀਂ ਤੁਹਾਡੇ ਲੰਮੇ ਸਫ਼ਰ ਅਤੇ ਹੋਰ ਹੋਰ ਦੀ ਪ੍ਰਸ਼ੰਸਾ ਕਰਦੇ ਹਾਂ, ਅਤੇ ਕਿੰਝ ਤੁਸੀਂ ਸਫ਼ਰ ਤਹਿ ਕਰਨ ਹੈ, ਅਤੇ ਜਿਹੜੀ ਕੁਰਬਾਨੀ ਤੁਹਾਨੂੰ ਦੇਣੀ ਪੈਂਦੀ ਹੈ। ਅਤੇ, ਸਮਝੋ ਇਹ ਤਾਂ ਮੈਥੋਂ ਇੰਝ ਕਰਵਾਉਂਦਾ ਹੈ ਕਿ ਜਿੱਥੇ ਮੈਂ ਖੜੇ ਹੋ ਕੇ ਗੱਲਬਾਤ ਕਰਦੇ ਰਹਾਂ ਅਤੇ ਤੁਹਾਡੀ ਮੱਦਦ ਲਈ ਸਭ ਕੁਝ ਕਰ ਸਕਾਂ। ਪਰ ਜਦ ਮੈਂ ਇੱਥੇ ਹੁੰਦਾ ਹਾਂ ਤੇ ਮੈਂ ਹਰੇਕ ਚੀਜ਼ ਨੂੰ ਚੰਗੀ ਜਾਣ ਦਾ ਯਤਨ ਕਰਦਾ ਹਾਂ ਜਿਹਨੂੰ ਕਿ ਮੈਂ ਸਹਿਜ ਨਾਲ ਕਰ ਸਕਦਾ ਹਾਂ, ਉਸ ਪਲ ਵਾਸਤੇ ਮੱਦਦ ਦੇਣ ਦੇ ਲਈ ਜਿਹਦੇ ਲਈ ਅਸੀਂ ਹੁਣ ਇੱਥੇ ਹਾਂ। ਤਦ ਤੁਸੀਂ ਲੈਂਦੇ ਹੋ...ਜੇ ਤੁਸੀਂ ਲੋਕਾਂ ਨੂੰ ਇੱਕ ਸਮੇਂ ਤੇ ਬਹੁਤ ਸਾਰ ਦੇ ਦਿਉ, ਤਾਂ ਉਹ ਇਹਨੂੰ ਯਾਦ ਨਹੀਂ ਰੱਖ ਸਕਦੇ। ਤੁਹਾਨੂੰ ਤਾਂ ਇੱਕ ਚੀਜ਼ ਲਈ ਕੇ ਮਨੁੱਖ ਤਕ ਠੀਕ ਇਸਨੂੰ ਫੜੀ ਰੱਖੇ ਜਦ ਤਕ ਉਹ ਇਹਨੂੰ ਸਮਝ ਨਾ ਲੈਣ। ਅਤੇ ਤਦ ਜਦ ਉਹ ਇਹਨੂੰ ਠੋਸ ਆਪਣੇ ਦਿਲਾਂ ਵਿੱਚ ਨਾ ਲੈ ਲੈਣ, ਤੇ ਤਦ ਉਹ ਕਰਨਗੇ।। ਤਦ ਉਹਨਾਂ ਨੂੰ ਕੁਝ ਹੋਰ ਸਿਖਾਓ ਬਸ ਇੱਕ ਇੱਕ ਪੌੜੀ ਜਿਵੇਂ ਕਿ ਅਸੀਂ ਚੜਦੇ ਹਾਂ।

8 ਹੁਣ ਤੁਸੀਂ ਪ੍ਰਾਰਥਨਾ ਕਰੋ ਤੇ ਧੀਰਜ ਧਰੋ, ਅੱਜ ਰਾਤ ਚੰਗਾਈ ਵਾਸਤੇ ਨਿਹਚਾ ਕਰੋ। ਮੈਂ ਨਹੀਂ ਸੋਚਦਾ ਕਿ ਤੁਹਾਡੇ ਦਿਲਾਂ ਵਿੱਚ ਕੋਈ ਪ੍ਰਸ਼ਨ ਇਸ ਸਮੇਂ ਦੇ ਬਾਰੇ ਵਿੱਚ ਹੈ ਜਿਹਦੇ ਵਿੱਚ ਅਸੀਂ ਰਹਿ ਰਹੇ ਹਾਂ। ਮੈਂ ਨਹੀਂ ਮੰਨਦਾ ਕਿ ਤੁਹਾਡੇ ਮੰਨ ਵਿੱਚ ਕੋਈ ਪ੍ਰਸ਼ਨ ਹੈ ਕਿ ਖੁਦਾ ਆਪਣੇ ਲੋਕਾਂ ਵਿੱਚ ਹੈ ਕਿ ਨਹੀਂ। ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਸਭ ਇਹ ਵਿਸ਼ਵਾਸ ਕਰਦੇ ਹੋ। ਅਤੇ ਮੈਂ... ਇਹਦੇ ਬਾਰੇ ਵਿੱਚ ਮੇਰੇ ਦਿਲ ਵਿੱਚ ਕੋਈ ਸ਼ੱਕ ਨਹੀਂ ਹੈ। ਤੇ ਮੈਂ—ਮੈਂ—ਮੈਂ ਆਪਣੇ ਲੋਕਾਂ ਨੂੰ ਜਾਣਦਾ ਹਾਂ। ਆਪਣੇ ਮਿੱਤਰਾਂ ਨੂੰ, ਮਸੀਹ ਦੇ ਮਿੱਤਰਾਂ ਨੂੰ, ਮਸੀਹ ਦੇ ਬੱਚਿਆਂ ਨੂੰ ਜਾਣਦਾ ਹਾਂ, ਉਹ ਇਹ ਜਾਣਦੇ ਹਨ।

9 ਇਹ ਵੇਖਣਾ ਮੈਨੂੰ ਬਹੁਤ ਖੁਸ਼ੀ ਦਿੰਦਾ ਹੈ ਜਦ ਤੁਸੀਂ ਜਾਣਦੇ ਹੋ ਕਿ ਤੁਹਾਡੇ ਕੋਲ ਪਰਮੇਸ਼ਵਰ ਦੇ ਵੱਲੋਂ ਸੰਦੇਸ਼ ਹੈ ਤੇ ਤੁਸੀਂ ਇਹ ਨੂੰ ਲੋਕਾਂ ਨੂੰ ਦਿੰਦੇ ਹੋ ਤੇ ਦੇਖਦੇ ਹੋ ਕਿ ਲੋਕ ਉਹਦਾ ਜਵਾਬ ਦਿੰਦੇ ਹਨ। ਤਦ ਤੁਸੀਂ ਪਿਛਾਂਹ ਵੇਖਦੇ ਹੋ ਅਤੇ ਆਖਦੇ ਹੋ, "ਯਿਸੂ ਤੇਰਾ ਧੰਨਵਾਦ"। ਔਹ, ਤਦ ਫਿਰ ਇਹ ਕਿੰਨੀ ਖੁਸ਼ੀ ਦੀ ਗੱਲ ਹੈ ਕਿ ਬੱਚੇ ਉਹ ਰੋਟੀ ਖਾ ਰਹੇ ਹਨ ਜਿਹੜੀ ਕਿ ਉਹਨਾਂ ਲਈ ਘੱਲੀ ਗਈ ਸੀ! ਤੁਸੀਂ ਮਹਿਸੂਸ ਕਰਦੇ ਹੋ ਕਿ ਕਈ ਸਾਲ ਪਹਿਲਾਂ ਇਸ ਹੈਕਲ ਵਿੱਚ

ਇੱਕ ਦਰਸ਼ਨ ਸੀ? ਇਹ ਉਹ ਹੀ ਹੈ, “ਜੀਵਨ ਦੀ ਰੋਟੀ”। ਭਾਈ ਨੇਵਿਲ ਕੀ ਤੁਹਾਨੂੰ ਯਾਦ ਹੈ ਉਹ ਜੋਰਦਾਰ ਸਮਾਂ।

10 ਹੁਣ ਆਓ ਮੁੜੀਏ, ਜੇ ਤੁਸੀਂ ਪੜ੍ਹਣਾ ਚਾਹੁੰਦੇ ਹੋ ਜਾਂ ਨਿਸ਼ਾਨੀ ਲਾਉਣਾ ਚਾਹੁੰਦੇ ਹੋ, ਸਿਰਫ਼...ਮੈਂ ਨਹੀਂ ਮੰਨਦਾ ਕਿ ਅਸੀਂ ਪਰਮੇਸ਼ਵਰ ਦਾ ਵਚਨ ਬਿਨਾਂ ਪੜ੍ਹੇ ਹੀ ਬੰਦਗੀ ਕਰੀਏ ਤੇ ਕੁਝ ਆਖੀਏ, ਜੇ ਇਹ ਚੰਗਾਈ ਦੀ ਬੰਦਗੀ ਹੋਵੇ ਜਾਣ ਕਿਸੇ ਵੀ ਕਿਸਮ ਦੀ ਬੰਦਗੀ ਹੋਵੇ। ਅਸੀਂ ਸਭ ਸਮਝਦੇ ਹਾਂ। ਮੇਰਾ ਅੰਦਾਜ ਹੈ ਕਿ ਸਾਡੇ ਵਿਚਕਾਰ ਕੋਈ ਓਪਰਾ ਨਹੀਂ ਹੈ। ਪਰ ਅਸੀਂ ਸਭ ਸਮਝਦੇ ਹਾਂ ਕਿ ਚੰਗਾਈ ਕੀ ਹੈ। ਇਹ ਕੁਝ ਨਹੀਂ ਹੈ ਜੋ ਕਿ ਤੁਹਾਡੇ ਲਈ ਕੋਈ ਕਰਦਾ ਹੈ, ਇਹ ਤਾਂ ਉਹ ਹੈ ਜੋ ਪ੍ਰਭੂ ਨੇ ਪਹਿਲਾਂ ਹੀ ਤੁਹਾਡੇ ਲਈ ਕੀਤਾ। ਮੁਕਤੀ ਵੀ ਇਸੇ ਤਰ੍ਹਾਂ ਹੀ ਹੈ।ਸਿਰਫ਼ ਇੱਕੋ ਹੀ ਚੀਜ਼ ਹੈ ਕਿ ਲੋਕਾਂ ਕੋਲੋਂ ਇਹ ਵਿਸ਼ਵਾਸ ਕਰਾਇਆ ਜਾਵੇ ਕਿ ਇਹ ਸੱਚਾਈ ਹੈ। ਅਤੇ ਪਰਮੇਸ਼ਵਰ ਇਹਨੂੰ ਆਪਣੇ ਵਚਨ ਵਿੱਚ ਸਿਖਾਉਂਦਾ ਹੈ ਅਤੇ ਤਦ ਇਹਨਾਂ ਉਤੇ ਸਾਬਤ ਕਰਦਾ ਹੈ ਜਿਹੜੇ ਉਸਨੂੰ ਮੰਨਣਗੇ। ਕਿਉਂਕਿ ਉਹਨੇ ਆਖਿਆ ਹੈ, “ਮੰਨਣ ਵਾਲਿਆਂ ਦੇ ਲਈ ਸਭ ਕੁਝ ਹੋ ਸਕਦਾ ਹੈ”।

11 ਤੁਸੀਂ ਆਖਦੇ ਹੋ, “ਪਰਮੇਸ਼ਵਰ ਦੇ ਲਈ ਕੁਝ ਵੀ ਅਨਹੋਣਾ ਨਹੀਂ ਹੈ”। ਤੁਸੀਂ ਇਹ ਮੰਨਦੇ ਹੋ। ਤੁਹਾਡੇ ਲਈ ਵੀ ਕੁਝ ਅਨਹੋਣਾ ਨਹੀਂ ਹੈ। ਉਹਨਾਂ ਲਈ ਸਭ ਕੁਝ ਹੋ ਸਕਦਾ ਹੈ। “ਕਿਉਂਕਿ ਉਹਨਾਂ ਲਈ ਸਭ ਕੁਝ ਹੋ ਸਕਦਾ ਹੈ”। (ਖੁਦਾ ਇੱਕ ਵਿਅਕਤੀ ਹੈ।) “ਉਹਨਾਂ ਲਈ ਜਿਹੜੇ ਨਿਹਚਾ ਕਰਦੇ ਹਨ”। ਸਮਝੇ? ਸੋ ਤੁਹਾਡੇ ਲਈ ਵੀ ਕੁਝ ਵੀ ਅਨਹੋਣਾ ਨਹੀਂ ਹੈ, ਤੁਹਾਡੇ ਲਈ, ਜੇ ਤੁਸੀਂ ਸਿਰਫ਼ ਨਿਹਚਾ ਕਰ ਸਕੋ।

12 ਹੁਣ ਪਹਿਲਾ ਰਾਜਾ ਉਹਦਾ ਸੱਤਾਰਵਾਂ ਅਧਿਆਏ ਜੇ ਖੁਦਾ ਨੇ ਚਾਹਿਆ ਤਾਂ ਮੈਂ ਪਹਿਲੀਆਂ ਸੱਤ ਆਇਤਾਂ ਪੜ੍ਹਨੀਆਂ ਚਾਹੁੰਦਾ ਹਾਂ।

> *ਤਾਂ ਏਲੀਯਾਹ ਤਿਸ਼ਬੀ ਨੇ ਜੋ ਗਿਲਆਦ ਦੇ ਵਾਸੀਆਂ ਵਿੱਚੋਂ ਸੀ, ਅਹਾਬ ਨੂੰ ਆਖਿਆ ਭਈ ਜਿਉਂਦੇ ਯਹੋਵਾਹ ਇਸਰਾਇਲ ਦੇ ਪਰਮੇਸ਼ਵਰ ਦੀ ਸੌਂਹ ਜਿਹਦੇ ਅੱਗੇ ਮੈਂ ਖੜ੍ਹਾ ਹਾਂ ਇਨ੍ਹਾਂ ਵਰ੍ਹਿਆਂ ਵਿੱਚ ਮੇਰੇ ਵਚਨ ਤੋਂ ਬਿਨਾਂ ਨਾ ਤ੍ਰੇਲ ਪਵੇਗੀ ਨਾ ਹੀ ਮੀਂਹ ਪਵੇਗਾ।*
>
> *ਅਤੇ ਇਉਂ ਪਰਮੇਸ਼ਵਰ ਦਾ ਵਚਨ ਉਹਦੇ ਕੋਲ ਆਇਆ ਕਿ*
>
> *ਇੱਥੋਂ ਚਲਾ ਜਾ ਅਤੇ ਪੂਰਬ ਵੱਲ, ਆਪਣਾ ਮੂੰਹ ਕਰਕੇ, ਕਰੀਤ ਨਾਮ ਦੇ ਨਾਲੇ ਵਿੱਚ ਜੋ ਯਰਦਨ ਦੇ ਸਾਹਮਣੇ ਹੈ, ਜਾ ਕੇ ਲੁੱਕ ਜਾ।*
>
> *ਤਾਂ ਇਉਂ ਹੋਵੇਗਾ ਕਿ ਤੂੰ ਉਸ ਨਾਲੇ ਵਿੱਚੋਂ ਪਾਣੀ ਪੀਵੇਗਾ ਅਤੇ ਮੈਂ ਪਹਾੜੀ ਕਾਂਵਾਂ ਨੂੰ ਹੁਕਮ ਦਿੱਤਾ ਹੈ ਕਿ ਉਹ ਤੈਨੂੰ ਉੱਥੇ ਹੀ ਖਵਾਉਣ।*

ਧਿਆਨ ਦਿਓ, "ਤੈਨੂੰ ਉੱਥੇ ਹੀ ਪਾਲਣ", ਕਿਸੇ ਹੋਰ ਥਾਂ ਤੇ ਨਹੀਂ, "ਉੱਥੇ ਹੀ!"

> *ਤਾਂ ਉਹ ਚੱਲ ਪਿਆ ਅਤੇ ਪਰਮੇਸ਼ਵਰ ਦੇ ਵਚਨ ਅਨੁਸਾਰ ਹੀ ਕੀਤਾ। ਅਤੇ ਉਹ ਜਾ ਕੇ ਕਰੀਤ ਦੇ ਨਾਲੇ ਕੋਲ ਜਾ ਟਿਕਿਆ ਜਿਹੜਾ ਯਰਦਨ ਦੇ ਸਾਹਮਣੇ ਹੈ।*
>
> *ਅਤੇ ਪਹਾੜੀ ਕਾਂ ਉਸਦੇ ਲਈ ਰੋਟੀ ਤੇ ਮਾਸ ਸਵੇਰ ਨੂੰ ਅਤੇ ਰੋਟੀ ਤੇ ਮਾਸ ਸ਼ਾਮ ਨੂੰ ਲਿਆਉਂਦੇ ਰਹੇ ਅਤੇ ਉਹ ਉਸ ਨਾਲੇ ਤੋਂ ਪਾਣੀ ਪੀ ਲੈਂਦਾ ਸੀ।*
>
> *ਅਤੇ ਇਉਂ ਹੋਇਆ ਕਿ ਥੋੜ੍ਹੇ ਦਿਨਾਂ ਪਿੱਛੋਂ ਨਾਲ ਸੁੱਕ ਗਿਆ ਕਿਉਂ ਜੋ ਦੇਸ਼ ਵਿੱਚ ਮੀਂਹ ਨਾ ਪਿਆ।*

13 ਪ੍ਰਭੂ ਆਪਣੇ ਪੜ੍ਹੇ ਗਏ ਵਚਨ ਤੇ ਬਰਕਤ ਦੇਵੇ। ਅਤੇ, ਅਜ ਰਾਤ, ਮੈਂ ਉੱਥੋਂ ਇੱਕ ਵਿਸ਼ ਲੈਣ ਚਾਹੁੰਦਾ ਹਾਂ। ਜਿਹੜਾ ਕਿ ਅਖਵਾਇਆ ਜਾਂਦਾ ਹੈ "ਆਤਮਕ ਭੋਜਨ ਸਹੀ ਸਮੇਂ ਤੇ" ਇਸ ਸਵੇਰ ਅਸੀਂ— ਸਿੱਖਿਆ— ਸੀ ਕਿ "ਪਰਮੇਸ਼ਵਰ ਦੀ ਸੇਵਾ ਕਰਨੀ, ਉਹਦੀ ਸੇਵਾ ਦਾ ਜਤਨ ਕਰਨਾ, ਸਮੇਂ ਤੋਂ ਪਹਿਲਾਂ, ਰੁੱਤ ਤੋਂ ਪਹਿਲਾਂ ਸਥਾਨ ਜਾਣ ਵਿਅਕਤੀ"। ਅਤੇ ਹੁਣ ਇਹ ਹੈ; *ਆਤਮਕ ਭੋਜਨ ਸਹੀ ਸਮੇਂ ਤੇ*।

14 ਇਹ, ਏਲੀਯਾਹ ਨਬੀ ਅਸੀਂ ਉਹਦੇ ਬਾਰੇ ਵਿੱਚ ਬਹੁਤ ਥੋੜ੍ਹਾ ਹੀ ਜਾਣਦੇ ਹਾਂ। ਪਰ ਅਸੀਂ ਜਾਣਦੇ ਹਾਂ ਕਿ ਉਹ ਪਰਮੇਸ਼ਵਰ ਦਾ ਸੇਵਕ ਸੀ ਤੇ ਉਸ ਘੜੀ ਦਾ ਨਬੀ ਅਤੇ ਪਰਮੇਸ਼ਵਰ ਦਾ ਸੇਵਕ।

15 ਅਤੇ ਖੁਦਾ ਨੇ ਉਹਦੇ ਆਤਮਾ ਨੂੰ ਜੋ ਕਿ ਏਲੀਯਾਹ ਦੇ ਉੱਤੇ ਸੀ। ਪਹਿਲਾਂ ਹੀ ਤਿੰਨ ਵਾਰ ਵਰਤਿਆ ਸੀ, ਤੇ ਵਾਦਾ ਕੀਤਾ ਸੀ ਕਿ ਉਹ ਦੋ ਵਾਰ ਹੋਰ ਵਰਤੇਗਾ; ਪੰਜ ਵਾਰੀ; ਕਿਰਪਾ ਦੇ ਲਈ। ਉਹਨੇ ਏਲਿਯਾਹ ਦੇ ਉੱਤੇ ਉਸਨੂੰ ਵਰਤਿਆ; ਇਹ ਦੁਗਣੇ ਹਿੱਸੇ ਵਿੱਚ ਅਲੀਸ਼ਾ ਉੱਤੇ ਆਇਆ; ਤੇ ਯੂਹੰਨਾ ਬਪਤੀਸਮਾਂ ਦੇਣ ਵਾਲੇ ਦੇ ਉੱਤੇ ਸੀ; ਤੇ ਗੈਰਕੋਮਾਂ ਦੀ ਲਾੜੀ ਦੇ ਆਉਣ ਤੋਂ ਪਹਿਲਾਂ ਆਉਣਾ ਹੈ; ਤੇ ਮੂਸਾ ਆਵੇਗਾ ਯਹੂਦੀਆਂ ਨੂੰ ਘਰ ਲਈ ਜਾਣ ਦੇ ਲਈ। ਇਹ ਠੀਕ ਹੈ। ਪੰਜ ਵਾਰੀ ਖੁਦਾ ਨੇ ਵਾਦਾ ਕੀਤਾ ਹੈ ਕਿ ਉਹ ਏਲਿਯਾਹ ਦੇ ਆਤਮ ਨੂੰ ਵਰਤੇਗਾ, ਤੇ ਉਹ ਪਹਿਲਾਂ ਹੀ ਤਿੰਨ ਵਾਰੀ ਕਰ ਚੁੱਕਿਆ ਹੈ।

16 ਹੁਣ, ਇਹ ਮਹਾਨ ਨਬੀ, ਅਸੀਂ ਨਹੀਂ ਜਾਣਦੇ ਕਿ ਇਹ ਕਿਥੋਂ ਆਇਆ। ਅਸੀਂ ਜਾਣਦੇ ਹਾਂ ਕਿ ਉਹ ਤਿਸ਼ਬੀ ਸੀ। ਪਰ ਉਹ ਕਿੰਝ ਆਇਆ…

17 ਅਸੀਂ ਨਬੀਆਂ ਬਾਰੇ ਥੋੜ੍ਹਾ ਜਿਹਾ ਹੀ ਜਾਣਦੇ ਹਾਂ। ਅਸੀਂ ਨਹੀਂ ਜਾਣਦੇ ਕਿ ਉਹ ਕਿਥੋਂ ਆਏ ਸਨ। ਕਦੇ ਵੀ ਨਹੀਂ…ਜਿਵੇਂ ਕਿ, ਮੈਂ ਇੱਕ ਨੂੰ ਵੀ ਨਹੀਂ

ਜਾਣਦਾ ਜੋ ਕਿ ਕਲੀਸੀਆ ਵਿੱਚੋਂ ਆਇਆ ਹੋਵੇ। ਜਾਂ ਉਹਨਾਂ ਦੇ ਪਿੱਛੇ ਉਹਨਾਂ ਦੀ ਪਹਿਲੀ ਦਾ ਕੋਈ ਲੇਖ ਰਿਹਾ ਹੋਵੇ। ਇਹ ਤਾਂ ਇੱਕ ਸਧਾਰਨ ਆਦਮੀ ਸੀ, ਜੋ ਕਿ ਨਿਡਰ ਹੁੰਦਾ ਸੀ, ਅਤੇ ਬਹੁਤ ਵਾਰੀ ਅਨਖੜ ਹੁੰਦਾ ਸੀ। ਅਤੇ ਉਹਨਾਂ ਆਪਣੇ ਆਪ, ਕਦੇ ਕੁਝ ਨਹੀਂ ਲਿਖਿਆ ਸੀ। ਯਸਾਯਾਹ ਅਤੇ ਯਰਮੀਯਾਹ, ਉਹਨਾਂ ਵਿੱਚੋਂ ਕੁਝ ਇੱਕ ਨੇ ਕੁਝ ਲਿਖਿਆ, ਪਰ ਇਸ ਮਹਾਨ ਆਦਮੀ ਏਲਿਯਾਹ ਨੇ ਕਦੇ ਕੁਝ ਨਹੀਂ ਲਿਖਿਆ। ਉਹਨਾਂ ਵਿੱਚੋਂ ਬਹੁਤ ਸਾਰਿਆਂ ਨੇ ਕੁਝ ਨਹੀਂ ਲਿਖਿਆ; ਹੋ ਸਕਦਾ ਉਹ ਲਿਖ ਹੀ ਨਹੀਂ ਸਨ ਸਕਦੇ। ਪਰ ਉਹ ਸਖਤ ਆਦਮੀ ਸਨ। ਬਾਈਬਲ ਵਿੱਚ ਉਹਨਾਂ ਪ੍ਰਾਚੀਨ ਨਬੀਆਂ ਵਰਗਾ ਕੋਈ ਵੀ ਆਦਮੀ ਨਹੀਂ ਹੈ। ਉਹਨਾਂ ਨੇ ਪਾਤਸ਼ਾਹੀਆਂ, ਰਾਜਿਆਂ, ਲੋਕਾਂ, ਕਲੀਸਿਆਂ ਅਤੇ ਬਾਕੀ ਸਭ ਕੁਝ ਦੀ ਅਣਆਗਿਆਕਾਰੀ ਕੀਤੀ, ਅਤੇ ਪਰਮੇਸ਼ਵਰ ਦੇ ਵਚਨ ਨਾਲ ਖੜ੍ਹੇ ਰਹੇ ਅਤੇ ਪਰਮੇਸ਼ਵਰ ਨੇ ਉਹਨਾਂ ਨੂੰ ਠੀਕ ਸਾਬਤ ਕੀਤਾ। ਉਹ ਬੜੇ ਸਖਤ ਵਿਅਕਤੀ ਸਨ।

18 ਅਤੇ ਇਹ ਏਲਿਯਾਹ ਉਹਨਾਂ ਵਿੱਚੋਂ ਸਭ ਤੋਂ ਸਖਤ ਸੀ। ਉਹ ਜੰਗਲੀ ਆਦਮੀ ਸੀ। ਉਹ ਜੰਗਲ ਵਿੱਚੋਂ ਆਇਆ ਸੀ; ਅਤੇ ਜੰਗਲ ਵਿੱਚ ਹੀ ਰਹਿੰਦਾ ਸੀ। ਬਾਈਬਲ ਨੇ ਆਖਿਆ ਹੈ ਕਿ ਉਹਦਾ ਵਸਤਰ ਜੱਤ ਸੀ। ਉਸਨੇ ਆਪਣੇ ਉੱਤੇ ਭੇਡ ਦੀ ਖਾਲ ਲਪੇਟੀ ਹੋਈ ਸੀ, ਅਤੇ ਚਮੜੇ ਦਾ ਟੁਕੜਾ ਅਤੇ ਉਠ ਦੀ ਖਲ ਆਪਣੀ ਕਮਰ ਦੇ ਦੁਆਲੇ ਲਪੇਟਿਆ ਹੋਇਆ ਸੀ, ਬਹੁਤ...ਜੁਲਫਾਂ ਉਹਦੇ ਚੇਹਰੇ ਤੇ ਲਟਕ ਰਹੀਆਂ ਸਨ ਅਤੇ ਮੈਂ ਅੰਦਾਜਾ ਲਵਾਂਗਾ ਕਿ ਉਹ ਵੇਖਣ ਨੂੰ ਬਹੁਤ ਹੀ, ਸਖਤ ਆਦਮੀ ਜਾਪਦਾ ਸੀ।

19 ਪਰ ਅਸੀਂ ਨਹੀਂ...ਉਹ ਸਭ, ਉਹ ਸਭ ਮਰੇ ਨਹੀਂ। ਉਹ ਸਭ—ਸਭ ਮਰ ਨਹੀਂ ਗਏ ਨਿਸਿਆ ਸਭਾ ਦੇ ਦਿਨੀਂ, ਤੁਹਾਡੇ ਵਿੱਚੋਂ ਬਹੁਤ ਸਾਰੇ ਲੋਕ ਜਿਹਨਾਂ ਨੇ *ਨਿਸਿਆ ਸਭ ਦੀ ਮੁੱਢਲੀ ਕਲੀਸੀਆ* ਦੇ ਬਾਰੇ ਪੜ੍ਹਿਆ ਹੈ, ਜਦ ਉਹ ਇਹਦੇ ਵਿੱਚੋਂ ਇੱਕ ਜਥੇਬੰਦੀ ਬਣਾਉਣਾ ਚਾਹੁੰਦੇ ਸਨ ਤੇ ਬਾਕੀ ਸਭ ਕਲਿਸਿਆਵਾਂ ਤੋੜ ਦਿੱਤੀਆਂ, ਇੱਕ ਵਿੱਚ ਆ ਗਏ, ਜਦ ਉਹਨਾਂ ਨੇ ਉਹ ਨਿਸਿਆ ਦੀ ਸਭ ਕੀਤੀ, ਅਤੇ ਅਲਿਸ਼ਾ ਵਰਗ ਸਖਤ ਆਦਮੀ ਜੰਗਲ ਵਿੱਚੋਂ ਬਾਹਰ ਆਇਆ, ਸਿਰਫ਼ ਸਾਗਪੱਤ ਖਾਂਦਾ ਹੋਇਆ, ਮਹਾਨ ਸਖਤ ਆਦਮੀ। ਕੋਨਸਟੈਨਟਾਇਨ ਦੇ ਥੱਲੇ, ਉੱਚੇ ਪਦ ਦੇ ਪਾਦਰੀ, ਉੱਚੇ ਪਦ ਦੇ ਲੋਕ, ਅਤੇ ਹੋਰ ਹੋਰ ਨੇ ਆਪਣੀ ਅਵਾਜ ਬੰਦ ਕਰ ਲਈ। ਕਿਉਂਕਿ ਉਹ, ਨਬੀ ਹੋਣ ਦੇ ਨਾਤੇ, ਜਾਣਦੇ ਸਨ ਕਿ ਕਲੀਸੀਆ ਲਾੜੀ ਦਾ ਕਣਕ ਦੇ ਦਾਣੇ ਵਾਂਗ ਜਮੀਨ ਵਿੱਚ ਡਿੱਗਣਾ ਜਰੂਰੀ ਹੈ, ਅਤੇ ਉਦਾਂ ਹੀ ਕਣਕ ਦਾ ਦਾਣਾ ਲਾੜੇ ਦੇ ਅੰਦਰ ਜੋ ਸੀ ਉਹਨੇ ਜਮੀਨ ਵਿੱਚ ਡਿੱਗਣਾ ਹੀ ਸੀ। ਅਤੇ ਉੱਥੇ ਇਹ ਇੱਕ ਹਜ਼ਾਰ ਸਾਲ ਤਕ ਪਿਆ ਰਿਹਾ।

20 ਇਸ ਲਈ ਹੀ ਉਹ ਅੱਜ ਕਿਤਾਬਾਂ ਵਿੱਚ ਲਿਖਦੇ ਹਨ, "ਉਹ ਚੁੱਪ ਪਰਮੇਸ਼ਵਰ ਕਿੱਥੇ ਹੈ ਜੋ ਕਿ ਇੱਥੇ ਖੜ੍ਹਾ ਹੋ ਕੇ ਵੇਖਦਾ ਸੀ, ਅਤੇ ਬੱਚਿਆਂ ਦਾ ਕਤਲ ਕੀਤਾ ਗਿਆ, ਔਰਤਾਂ ਦੇ ਸ਼ੇਰਾਂ ਨੇ ਟੁਕੜੇ ਟੁਕੜੇ ਕਰ ਦਿੱਤੇ, ਅਤੇ ਉਹ ਅਕਾਸ਼ਾਂ ਵਿੱਚ ਬੈਠ ਕੇ ਤੇ ਇਹਦੇ ਬਾਰੇ ਕੁਝ ਨਹੀਂ ਆਖਿਆ?" ਉਹ ਵਚਨ ਨਹੀਂ ਜਾਣਦੇ। ਉਸ ਕਣਕ ਦੇ ਦਾਣੇ ਨੇ ਜਮੀਨ ਵਿੱਚ ਪੈਣਾ ਹੀ ਹੈ। ਕਿੰਝ ਇੱਕ ਧਰਮੀ ਪਰਮੇਸ਼ਵਰ ਖੜ੍ਹਾ ਹੋ ਕੇ ਆਪਣੇ ਹੀ ਪੁੱਤ ਨੂੰ ਮਰਦਾ ਹੋਇਆ ਵੇਖੇ ਅਤੇ ਉਹਦੇ ਤੇ ਥੁੱਕਿਆ ਜਾਵੇ ਅਤੇ ਹੋਰ ਹੋਰ? ਪਰ ਇਹ ਤਾਂ ਵਚਨ ਦੇ ਅਨੁਸਾਰ ਹੈ, ਇਹਨੇ ਇੰਝ ਹੀ ਹੋਣਾ ਹੈ। ਅਤੇ ਇਸੇ ਤਰ੍ਹਾਂ ਇਸ ਘੜੀ ਵਿੱਚ ਵੀ ਹੈ।

21 ਇਹ ਆਦਮੀ, ਉਹ ਮਹਾਨ ਆਦਮੀ ਸੀ। ਉਹਦੇ ਸਾਹਮਣੇ ਪਾਪ ਨਾਲ ਭਰੀ ਹੋਈ ਪੀੜ੍ਹੀ ਸੀ। ਅਹਾਬ ਇੱਕ ਰਾਜਾ ਸੀ, ਅਤੇ ਉਸ ਤੋਂ ਪਹਿਲਾਂ ਉਹਦਾ ਪਿਤਾ ਬੁਰਾ ਆਦਮੀ ਸੀ। ਸੁਲੇਮਾਨ ਤੋਂ ਬਾਅਦ, ਇੱਕ ਤੋਂ ਇੱਕ ਬੁਰਾ ਰਾਜਾ ਹੁੰਦਾ ਆਇਆ ਸੀ। ਅਤੇ ਇਹ ਆਦਮੀ, ਅਹਾਬ ਜਿਹਨੇ ਬਾਈ ਸਾਲ ਤਕ ਸਾਮਰੀਆ ਵਿੱਚ ਰਾਜ ਕੀਤਾ, ਉਹ ਉਹਨਾਂ ਸਭਨਾਂ ਤੋਂ ਬੁਰਾ ਸੀ। ਉਹ ਤਾਂ ਅਸਲੀ ਆਧੁਨਿਕ ਆਦਮੀ ਸੀ। ਉਹ ਧਰਮ ਵਿੱਚ ਵਿਸ਼ਵਾਸ ਕਰਦਾ ਸੀ, ਯਕੀਨਨ। ਅਤੇ ਉਹਦੇ ਕੋਲ ਹਰੇਕ ਚੀਜ਼ ਆਧੁਨਿਕ ਤਰੀਕੇ ਨਾਲ ਸੀ। ਉਹਦੇ ਕੋਲ ਉਸਦੇ ਚਾਰ ਸੌ ਇਬਰਾਨੀ ਨਬੀ ਸਨ। ਉਹ ਸਭ ਦੇ ਸਭ ਚੰਗੀ ਵਿਦਿਆ ਅਤੇ ਸਿਖਲਾਈ ਪਾਏ ਹੋ ਸਨ। ਪਰਮੇਸ਼ਵਰ ਨੇ ਉਹਦੇ ਕੋਲ ਇੱਕ ਘੱਲਿਆ ਅਤੇ ਉਹਦਾ ਉਹ ਵਿਸ਼ਵਾਸ ਨਹੀਂ ਸੀ ਕਰਦਾ, ਅਤੇ ਉਹ ਏਲਿਯਾਹ ਸੀ।

22 ਪਰ ਏਲੀਯਾਹ, ਇਹ ਤਿਸ਼ਬੀ, ਜੰਗਲ ਦਾ ਆਦਮੀ ਸੀ। ਨਰਮ ਆਦਮੀ ਨਹੀਂ; ਉਹ ਤਾਂ ਸਖਤ ਆਦਮੀ ਸੀ। ਅਤੇ ਇੱਕ ਦਿਨ, ਅਹਾਬ ਦੇ ਪਾਪ ਕਰਨ ਤੋਂ ਬਾਅਦ ਜਿਹਨੂੰ ਕਿ ਖੁਦਾ ਹੋਰ ਵਧੇਰੇ ਬਰਦਾਸ਼ਤ ਨਹੀਂ ਕਰ ਸਕਿਆ, ਤਾਂ ਉਹਨੇ ਜੰਗਲ ਵਿੱਚ ਏਲਿਯਾਹ ਨਾਲ ਗੱਲਬਾਤ ਕੀਤੀ। ਅਤੇ ਇੱਥੇ ਉਹ ਸਾਮਰੀਆ ਦੇ ਰਾਹ ਵਿੱਚ ਆ ਰਿਹਾ ਸੀ, ਜਿਵੇਂ ਕਿ ਮੈਂ ਹਮੇਸ਼ਾ ਹੀ ਉਦਾਹਰਨ ਦਿੱਤੀ ਹੈ; ਹੋ ਸਕਦਾ ਹੈ ਕਿ ਚਿੱਟੀਆਂ ਕਲਮਾਂ ਉਹਦੇ ਚੇਹਰੇ ਉੱਤੇ ਲੱਗੀਆਂ ਹੋਈਆਂ ਸਨ, ਤੇ ਗੰਜ ਸਿਰ ਸੂਰਜ ਵਿੱਚ ਚਮਕ ਰਿਹਾ ਸੀ, ਛੋਟੀਆਂ ਬਜੁਰਗ ਅੱਖਾਂ, ਉੱਥੇ ਪਿਛਾਂਹ ਉਹਦੇ ਹੱਥ ਵਿੱਚ ਸੋਟੀ, ਤੇ ਉਹਦੇ ਚੇਹਰੇ ਉੱਤੇ ਮੁਸਕਾਨ, ਅਤੇ ਠੀਕ ਇਸਰਾਈਲ ਦੇ ਰਾਜੇ ਤਕ ਆ ਗਿਆ, ਤੇ ਆਖਿਆ, "ਤੇ…ਜਦ ਤਕ ਮੈਂ ਨਾਂ ਆਖਾਂ ਤ੍ਰੇਲ ਵੀ ਨਹੀਂ ਪਵੇਗੀ"।

23 ਖੁਦਾਇਆ ਸਾਨੂੰ ਉਸ ਤਰ੍ਹਾਂ ਦਾ ਆਦਮੀ ਦੇ, ਸਮਝੇ, ਉਹ ਆਦਮੀ ਜੋ ਜਾਣਦਾ ਹੋਵੇ ਕਿ ਉਹ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਵਾਲੀ ਬਾਣੀ ਨਾਲ ਕੀ ਕਰ ਰਹੇ ਸਨ।

24 ਹੁਣ, ਅਸੀਂ ਪਤਾ ਲਾਉਂਦੇ ਹਾਂ ਕਿ ਇਹ ਕਰਨ ਤੋਂ ਪਹਿਲਾਂ, ਖੁਦਾ ਨੇ ਉਹਨੂੰ ਬੁਲਾਇਆ ਸੀ। ਖੁਦਾ ਨੇ ਉਹਦੇ ਨਾਲ ਗੱਲਬਾਤ ਕੀਤੀ ਸੀ, ਅਤੇ ਇਸ ਲਈ, ਉਹ ਕਿਸੇ ਵੀ ਚੀਜ਼ ਤੋਂ ਨਹੀਂ ਸੀ ਡਰਦਾ। ਉਹ ਆਪਣੇ ਸੰਦੇਸ਼ ਤੋਂ ਨਹੀਂ ਸੀ ਡਰਦਾ, ਇਹ ਨਹੀਂ ਵਾਪਰੇਗਾ, ਉਹ ਜਾਣਦਾ ਸੀ ਕਿ ਉਹ ਵਾਪਰੇਗਾ। ਉਹ ਜਾਣਦਾ ਸੀ ਕਿ ਇਹ ਪਰਮੇਸ਼ਵਰ ਦੇ ਵਚਨ ਦੇ ਅਨੁਸਾਰ ਹੈ ਅਤੇ ਉਹ ਜਾਣਦਾ ਸੀ ਕਿ ਉਹ ਉਸ ਘੜੀ ਦਾ ਪਰਮੇਸ਼ਵਰ ਦਾ ਨਬੀ ਸੀ। ਇਸ ਲਈ ਰਾਜਾ ਭਾਵੇਂ ਉਹਦਾ ਸਿਰ ਵੱਡ ਸੁੱਟੇ, ਜਾਂ ਕੈਦ ਵਿੱਚ ਪਾ ਦੇਵੇ, ਜੋ ਕੁਝ ਵੀ ਉਹ ਕਰਨ, ਇਹਦੇ ਨਾਲ ਉਹਨੂੰ ਕੋਈ ਫਰਕ ਨਹੀਂ ਸੀ ਪੈਂਦਾ; ਉਹਦੇ ਕੋਲ ਅਧਿਕਾਰ ਸੀ, "ਯਹੋਵਾਹ ਇੰਝ ਫ਼ਰਮਾਉਂਦਾ ਹੈ," ਉਹਨੇ ਰਾਜੇ ਦੇ ਮੂੰਹ ਤੇ ਆਖਿਆ। ਕਿਹੋ ਜਿਹਾ ਸਖਤ ਆਦਮੀ ਸੀ! ਪਰ ਇੰਝ ਕਰਨ ਤੋਂ ਪਹਿਲਾਂ, ਉਸਨੇ ਇਸ ਮੌਕੇ ਦੀ ਭਵਿੱਖਬਾਣੀ ਕੀਤੀ...

25 ਕਿਉਂਕਿ ਖੁਦਾ ਪਾਪ ਨੂੰ ਬਿਨਾਂ ਸਜਾ ਦੇ ਨਹੀਂ ਜਾਣ ਦੇਵੇਗਾ। ਉਹਦੀ ਸਜਾ ਹੋਣੀ ਜਰੂਰੀ ਹੈ। ਸਜਾ ਦੇ ਬਿਨਾਂ ਇਕਕ ਕਾਨੂੰਨ ਦਾ ਕੀ ਲਾਭ ਹੈ? ਇਹ ਆਖਣ ਦਾ ਕੀ ਲਾਭ ਹੋਵੇਗਾ, ਕਿ, "ਲਾਲ ਬੱਤੀ ਨੂੰ ਲੰਘ ਜਾਣਾ ਕਾਨੂੰਨ ਦੇ ਵਿਰੁੱਧ ਹੈ" ਤੇ ਇਹਦੇ ਪਿੱਛੇ ਕੋਈ ਜੁਰਮਾਨਾ ਨਹੀਂ ਹੋਵੇਗਾ, ਜਾਂ ਇਹਦੇ ਪਿੱਛੇ ਕੋਈ ਸਜਾ ਨਾ ਹੋਵੇ? ਇਹ ਤਾਂ ਕਾਨੂੰਨ ਨਹੀਂ ਹੋਵੇਗਾ। ਸੋ ਪਾਪ ਦੀ ਸਜਾ ਹੈ। ਅਤੇ ਜਦ ਖੁਦਾ ਕਾਨੂੰਨ ਬਣਾਉਂਦਾ ਹੈ, ਤੇ ਉਸ ਕਾਨੂੰਨ ਦੀ ਉਲੰਘਣਾ ਕੀਤੀ ਜਾਂਦੀ ਹੈ, ਤਦ ਉਹਦੀ ਤਾਂ ਸਜਾ ਹੋਣੀ ਹੀ ਹੈ।

26 ਅਤੇ ਇਸ ਕੌਮ ਨੇ ਉਹਦੇ ਸਭ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ। ਔਹ, ਉਹਨਾਂ ਕੋਲ ਵੱਡਾ ਗਿਰਜਾ ਸੀ, ਉਹਨਾਂ ਕੋਲ ਹੈਕਲ ਸੀ। ਉਹਨਾਂ ਕੋਲ ਬਹੁਤ ਪੜ੍ਹੇ ਲਿਖੇ ਆਦਮੀ ਸਨ। ਸਾਰੇ ਦੇਸ਼ ਭਰ ਵਿੱਚ ਉਹਨਾਂ ਕੋਲ ਨਬੀ ਸਨ, ਉਹਨਾਂ ਕੋਲ ਨਬੀਆਂ ਦੇ ਸਕੂਲ ਸਨ ਤੇ ਮਸੀਹ ਵਾਂਗ ਉਹਨਾਂ ਨੂੰ ਬਾਹਰ ਕੱਢਦੇ ਸਨ। ਉਹਨਾਂ ਕੋਲ ਬਹੁਤ ਸਾਰੇ ਨਬੀ ਸਨ, ਉਹਨਾਂ ਕੋਲ ਬਹੁਤ ਸਾਰੇ ਜਾਜਕ ਸਨ। ਉਹਨਾਂ ਕੋਲ ਬਹੁਤ ਸਾਰੇ ਗ੍ਰੰਥੀ ਸਨ ਤੇ ਉਹਨਾਂ ਕੋਲ ਬਹੁਤ ਸਾਰ ਧਰਮ ਸੀ ਪਰ ਉਹ ਪਰਮੇਸ਼ਵਰ ਦੇ ਵਚਨ ਤੋਂ ਦੂਰ ਸਨ। ਪਰ ਖੁਦਾ ਨੇ ਉਹਨਾਂ ਦੀ ਕਿਸੇ ਵੀ ਉਪਾਧੀ ਤੋਂ ਬਾਹਰ ਇੱਕ ਆਦਮੀ ਸੱਦਿਆ ਉਹਨੂੰ ਅੰਦਰ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਵਾਲੀ ਬਾਣੀ ਨਾਲ ਘੱਲਿਆ।

27 ਅਤੇ ਧਿਆਨ ਦਿਓ, ਉਹ ਕਿੰਝ ਆਪਣਿਆਂ ਦੀ ਫਿਕਰ ਕਰਦਾ ਹੈ। ਇਸ ਨਬੀ ਨੂੰ ਸੰਦੇਸ਼ ਦੇ ਨਾਲ ਘੱਲਣ ਤੋਂ ਪਹਿਲਾਂ, ਉਹਨੇ ਕਿਹਾ, "ਏਲਿਯਹ ਤੂੰ ਜਾਂ ਕੇ ਆਹਾਬ ਨੂੰ ਇਹ ਗੱਲਾਂ ਦੱਸ, ਅਤੇ ਹੁਣ ਜਦ ਤੂੰ ਇਹ ਕਰੇ ਅਤੇ ਆਪਣੇ ਆਪ ਨੂੰ ਝਬਦੇ ਹੀ ਉਸ ਤੋਂ ਦੂਰ ਕਰੀਂ। ਤੇ ਇਸ ਸੌਕੇ ਦੇ ਦੌਰਾਨ ਮੈਂ ਤੇਰੇ ਜਾਣ

ਲਈ ਇੱਕ ਜਗ੍ਹਾ ਤਿਆਰ ਕੀਤੀ ਹੈ, ਏਲਿਯਾਹ, ਮੈਂ ਤੇਰੀ ਦੇਖਭਾਲ ਕਰਾਂਗਾ ਜੇ ਤੂੰ ਮੇਰੇ ਵਚਨ ਦਾ ਪ੍ਰਚਾਰ ਕਰੇਂ, ਬਸ ਉਹੋ ਹੀ ਕਰ ਜੋ ਮੈਂ ਤੈਨੂੰ ਕਰਨ ਲਈ ਆਖਦਾ ਹਾਂ"।

28 ਹੁਣ ਮੈਂ ਅੱਜ ਰਾਤ ਇਸ ਏਲੀਯਾਹ ਦੀ ਇਸ ਮਹਾਨ ਸੇਵਾ ਦਾ, ਅਤੇ ਏਲੀਯਾਹ ਦੇ ਸਮੇਂ ਦਾ ਨਮੂਨਾ, ਉਸ ਘੜੀ ਨਾਲ ਦਵਾਂਗਾ ਜਿਹਦੇ ਵਿੱਚ ਅਸੀਂ ਹੁਣ ਹਾਂ। ਮੈਂ ਯਕੀਨ ਕਰਦਾ ਹਾਂ ਕਿ ਇਹ ਸੰਪੂਰਨ ਨਮੂਨਾ ਹੈ। ਮੈਂ ਕੌਮਾਂ ਬਾਰੇ ਸੋਚਦਾ ਹਾਂ...ਜੇ ਮੈਂ...ਜੇ ਪਿਛਾਂਹ ਜਾਣ ਦੇ ਲਈ ਸਾਡੇ ਕੋਲ ਸਮਾਂ ਹੁੰਦਾ, ਪਰ ਮੈਂ ਤਾਂ ਬਹੁਤ ਸਾਰ ਸਮਾਂ ਪ੍ਰਾਰਥਨਾ ਪੰਗਤ ਵਿੱਚ ਲਾਉਣਾ ਚਾਹੁੰਦਾ ਹਾਂ।

29 ਸੋ ਜੇ ਅਸੀਂ ਪਿਛਾਂਹ ਜਾਂ ਕੇ ਵੇਖ ਸਕੀਏ, ਕਿ ਇਸਰਾਇਲ ਨੇ ਵੀ ਫਲਿਸਤੀ ਦੇਸ਼ ਨੂੰ ਵੀ ਉਸੇ ਹੀ ਆਧਾਰ ਤੇ ਲਿਆ ਜਿਸ ਉੱਤੇ ਅਸੀਂ ਇਹ ਸੰਯੁਕਤ ਰਾਜ ਲਿਆ। ਅਸੀਂ ਇਸ ਸੰਯੁਕਤ ਰਾਜ ਵਿੱਚ ਆਏ ਤੇ ਇੱਥੇ ਦੇ ਵਾਸੀਆਂ ਨੂੰ ਬਾਹਰ ਕੱਢ ਦਿੱਤਾ ਜੋ ਕਿ ਇੰਡੀਅਨ ਸਨ ਤੇ ਧਰਤੀ ਤੇ ਕਬਜਾ ਕਰ ਲਿਆ। ਤੇ ਇਦਾਂ ਹੀ ਇਸਰਾਈਲ ਫਲਿਸਤੀ ਦੇਸ਼ ਵਿੱਚ ਆ ਗਿਆ, ਯਹੋਸ਼ੂਆ ਦੀ ਅਗੁਵਾਈ ਹੇਠ, ਪਰਮੇਸ਼ਵਰ ਦੇ ਅਧੀਆਨ ਅਤੇ ਉਸੇ ਦੇ ਵਾਸੀਆਂ ਨੂੰ ਕੱਢ ਦਿੱਤਾ ਤੇ ਉਸ ਜਮੀਨ ਨੂੰ ਲਈ ਲਿਆ।

30 ਅਤੇ ਉਹਨਾਂ ਦੇ ਪਹਿਲੇ ਰਾਜੇ ਬਲਵੰਤ ਮਨੁੱਖ ਸਨ, ਦਾਊਦ ਸੁਲੇਮਾਨ ਅਤੇ ਉਹ ਮਹਾਨ ਆਦਮੀ। ਸਾਡੇ ਪਹਿਲੇ ਰਾਸ਼ਟਰਪਤੀ ਮਹਾਨ ਆਦਮੀ ਸਨ; ਵਾਸ਼ਿੰਗਟਨ, ਲਿੰਕਨ ਅਤੇ ਹੋਰ ਹੋਰ। ਤਦ ਅੰਤ ਵਿੱਚ ਸਾਰੇ ਰਾਸ਼ਟਰਪਤੀ ਅਤੇ ਰਾਜੇ ਹਰ ਸਮੇਂ ਗਲਦੇ ਸੜ੍ਹਦੇ ਗਏ ਤੇ ਅੰਤ ਵਿੱਚ ਉਹ ਇਸ ਆਹਾਬ ਨਾਲ ਸਮਾਪਤ ਹੋ ਗਏ। ਉਸੇ ਤਰ੍ਹਾਂ ਦਾ ਨਮੂਨਾ ਸਾਡੇ ਦਿਨ ਦਾ ਨਮੂਨਾ। ਅਤੇ ਲੋਕ ਇੱਥੇ ਆਧੁਨਿਕ ਬਣ ਗਏ ਸਨ, ਉਹ ਪ੍ਰਭੂ ਦੇ ਸੱਚੇ ਵਚਨ ਨੂੰ ਸੁਣਨਾ ਨਹੀਂ ਸੀ ਚਾਹੁੰਦੇ।

31 ਅਤੇ ਤੁਸੀਂ ਅੰਦਾਜਾ ਲਾ ਸਕਦੇ ਹੋ ਕਿ ਇਸ ਤਰ੍ਹਾਂ ਦੇ ਆਧੁਨਿਕ ਲੋਕਾਂ ਦੇ ਲਈ ਇੱਕ ਸੱਚ ਅਤੇ ਅਸਲੀ ਪਰਮੇਸ਼ਵਰ ਦਾ ਜਨ ਉਹਨਾਂ ਦੇ ਲਈ ਕੀ ਜਾਏਗਾ, "ਕਿਉਂ, ਉਹ ਤਾਂ ਦੀਵਾਨਾ ਸੀ, ਉਹ ਤਾਂ ਸ਼ੁਦਾਈ ਸੀ। ਅਤੇ ਇਦਾਂ ਦੀ ਕੋਈ ਚੀਜ਼ ਹੋ ਹੀ ਨਹੀਂ ਸਕਦੀ"। ਉਹ ਬੜੇ ਧਾਰਮਿਕ ਸਨ, ਬਹੁਤ ਹੀ ਧਾਰਮਿਕ। ਉਹਨਾਂ ਕੋਲ ਖਰੇ ਲੋਕ ਸਨ, ਉਹਨਾਂ ਕੋਲ ਵਫ਼ਾਦਾਰ ਆਦਮੀ ਸਨ। ਉਹ ਬੜੇ ਹੀ ਧਾਰਮਿਕ ਸਨ।

32 ਤੇ ਉਹਨਾਂ ਦੇ ਪੱਥਰ ਦਿਲਾਂ ਨੂੰ ਤੋੜਨ ਲਈ ਉਹ ਜਾਣਦਾ ਸੀ ਕਿ ਆਮ ਸਧਾਰਨ ਰੱਬੀ ਗਿਆਨ ਤੋਂ ਵਧੇਰੇ ਕੁਝ ਚਾਹੀਦਾ ਹੈ, ਤੇ ਇੱਕ ਸਧਾਰਨ ਸੰਦੇਸ਼ ਤੋਂ ਵਧੇਰੇ ਕੁਝ ਚਾਹੀਦਾ ਹੈ, ਸਿਰਫ਼ ਵਚਨ ਦੇ ਪ੍ਰਚਾਰ ਤੋਂ ਵਧੇਰੇ ਕੁਝ ਚਾਹੀਦਾ

ਹੈ। ਉਹ ਜਾਣਦਾ ਸੀ ਕਿ ਉਹਨਾਂ ਲੋਕਾਂ ਦੇ ਉੱਤੇ ਨਿਆਂ ਘੱਲਣ ਦੇ ਲਈ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਵਾਲੀ ਬਾਣੀ ਦੀ ਲੋੜ ਪਈ, ਉਹ ਜਾਣਦਾ ਸੀ ਕਿ ਉਹ ਜਦ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਵਾਲੀ ਬਾਣੀ ਨਾਲ ਬਾਹਰ ਗਿਆ ਅਤੇ ਇਹ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਸੀ। ਤੇ ਇਹਨੂੰ ਰੱਦਣ ਦਾ ਅਰਥ ਸੀ ਨਿਆਂ। ਅਸੀਂ ਇਹਨੂੰ ਆਪਣੇ ਦਿਨ ਵਿੱਚ ਵੀ ਵੇਖਦੇ ਹਾਂ, ਅਸੀਂ ਇਹਨੂੰ ਕਿਸੇ ਵੀ ਦਿਨ ਵਿੱਚ ਵੇਖਦੇ ਹਾਂ। ਹੋਰ ਕੁਝ ਵੀ ਨਹੀਂ ਬਚਿਆ ਹੈ ਸਿਰਫ਼ ਨਿਆਂ ਜਦ ਤੁਸੀਂ ਰਹਿਮ ਦੀ ਲਕੀਰ ਨੂੰ ਟੱਪ ਜਾਂਦੇ ਹੋ।

33 ਹੁਣ, ਉਹ ਨਮੂਨਾ ਉੱਥੇ ਜਿਹਦੇ ਨਾਲ ਮੈਂ ਏਲੀਯਾਹ ਦਾ ਨਮੂਨਾ ਦੇਣ ਵਾਲਾਂ ਹਾਂ। ਅੱਜ ਦੀ ਕਲੀਸੀਆ, ਅੱਜ ਦੇ ਸਮੇਂ ਦੀ ਕਲੀਸੀਆ। ਨਿਆਂ ਤੋਂ ਪਹਿਲਾਂ ਉਹਨੂੰ ਇਹ ਸੰਦੇਸ਼ ਮਿਲਿਆ ਹੈ। ਏਲੀਯਾਹ ਉਹ ਦਰਸਾਉਂਦਾ ਹੈ, ਸ਼ਰੀਰਕ ਤੌਰ ਤੇ ਉਹਦੀ ਦੇਖਭਾਲ ਕੀਤੀ ਗਈ, ਉਹਦਾ ਸ਼ਰੀਰਕ ਭੋਜਨ, ਕਿਉਂਕਿ ਪਰਮੇਸ਼ਵਰ ਦੇ ਵਚਨ ਦੇ ਅਨੁਸਾਰ ਮੀਂਹ ਨਹੀਂ ਸੀ ਪੈਂਦਾ ਤਿੰਨ ਸਾਲ ਤੇ ਛੇ ਮਹੀਨੇ ਤੱਕ ਜਦ ਤੱਕ ਕਿ ਏਲੀਯਾਹ ਇਹਨੂੰ ਨਾ ਬੁਲਾਵੇ। "ਜਿਹੜਾ ਵੀ ਸਮਾਂ ਤੂੰ ਆਖਦਾ ਹੈਂ ਏਲੀਯਾਹ, ਉਹੋ ਹੀ ਹੋਵੇਗਾ"। ਇਸ ਲਈ ਉਹ ਰਾਜੇ ਕੋਲ ਗਿਆ ਅਤੇ ਆਖਿਆ, "ਜਦ ਤੱਕ ਮੈਂ ਨਾ ਆਖਾਂ ਤ੍ਰੇਲ ਵੀ ਨ ਪਵੇਗੀ"। ਇਹ ਬੜਾ ਵਜਨਦਾਰ ਹੈ। ਕੀ ਇਹ ਨਹੀਂ ਹੈ? ਇਹ ਇਕ ਬਹੁਤ ਸਾਰ ਸੰਦੇਸ਼ ਹੈ!

34 ਹੁਣ ਅਸੀਂ ਇਹਦਾ ਨਮੂਨਾ ਅੱਜ ਦੇ ਆਤਮਕ ਸੋਕੇ ਨਾਲ ਦੇਵਾਂਗੇ। ਹੁਣ, ਅਸੀਂ ਸਭ ਜਾਣਦੇ ਹਾਂ, ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ, ਕਿ ਅੱਜ ਧਰਤੀ ਦੇ ਉੱਤੇ ਇੱਕ ਮਹਾਨ ਆਤਮਕ ਸੋਕਾ ਪਿਆ ਹੋਇਆ ਹੈ, ਆਤਮਕ ਢੰਗ ਨਾਲ ਬੋਲਦੇ ਹੋਏ। ਅਤੇ, ਤੁਸੀਂ ਜਾਣਦੇ ਹੋ ਕਿ ਇਸਦੀ ਭਵਿੱਖਬਾਣੀ ਨਬੀਆਂ ਨੇ ਕੀਤੀ ਸੀ ਕਿ ਮਸੀਹ ਦੀ ਦੂਜੀ ਆਮਦ ਤੋਂ ਪਹਿਲਾਂ ਆਖਿਆ, "ਧਰਤੀ ਉੱਤੇ ਅਕਾਲ ਪਵੇਗਾ, ਇਹ ਸਿਰਫ਼ ਰੋਟੀ ਦਾ ਹੀ ਨਹੀਂ, ਪਰ ਪਰਮੇਸ਼ਵਰ ਦੀ ਬਾਣੀ ਦੇ ਸੁਣਨ ਦਾ"। ਅਤੇ ਇਹ ਦਿਨ ਹੁਣ ਹੈ, "ਪਰਮੇਸ਼ਵਰ ਦੇ ਸੱਚੇ ਵਚਨ ਨੂੰ ਸੁਣਨਾ"। ਹੁਣ, ਇਹ ਸੋਕਾ ਜੋ ਸ਼ਰੀਰਕ ਹੈ ਆਤਮਕ ਸੋਕੇ ਦਾ ਨਮੂਨਾ ਹੈ।

35 ਪਾਪ ਅਤੇ ਬੇਪਰਤੀਤੀ ਝੂਠੇ ਸਿਖਾਉਣ ਵਾਲਿਆਂ ਦੇ ਦੁਆਰਾ, ਤੇ ਕਲੀਸੀਆ ਵਿੱਚ ਆਧੁਨਿਕ ਲੋਕਾਂ ਦੇ ਦੁਆਰਾ ਇਹਨਾਂ ਨੇ ਇਸ ਸਥਾਨ ਨੂੰ ਇਸ ਆਉਣ ਵਾਲੇ ਨਿਆਂ ਤੱਕ ਲਈ ਆਂਦਾ। ਤਦ ਉਹ ਪਰਮੇਸ਼ਵਰ ਦੇ ਵਚਨ ਤੋਂ ਫਿਰ ਗਏ ਅਤੇ ਉਹਦੇ ਨਬੀ ਤੋਂ ਵਚਨ ਦੇ ਆਧੁਨਿਕ ਰੱਬੀ ਗਿਆਨ ਦੀ ਸ਼ਬਦਾਵਲੀ ਵੱਲ ਨੂੰ।

36 ਤੁਸੀਂ ਇੱਥੇ ਧਿਆਨ ਦਿਉ ਠੀਕ ਉਸ ਸਮੇਂ ਕਿ ਖੁਦ ਹਮੇਸ਼ਾ ਹੀ ਕੁਝ ਉਠਾ ਖੜ੍ਹਾ ਕਰਦਾ ਹੈ। ਕਿਉਂਕਿ, ਉਹ ਹਮੇਸ਼ਾ ਉਹ ਉਨ੍ਹਾਂ ਚਿਰ ਕੁਝ ਨਹੀਂ ਕਰਦਾ,

ਜਦ ਤੱਕ ਕਿ ਉਹ ਪਹਿਲਾਂ ਲੋਕਾਂ ਤੇ ਪ੍ਰਗਟ ਨਾ ਕਰ ਲਵੇ, ਅਤੇ ਉਹ ਹਮੇਸ਼ਾ ਹੀ ਆਪਣੇ ਸੇਵਕਾਂ ਦੁਆਰਾ ਪ੍ਰਗਟ ਕਰਦਾ ਹੈ।

37 ਹੁਣ, ਪਰ ਏਲੀਯਾਹ ਦੇ ਕੋਲ ਇਸ ਸਮੇਂ ਦੇ ਦੌਰਾਨ ਇੱਕ ਗੁਪਤ ਸਥਾਨ ਸੀ ਜਿਹੜਾ ਕਿ ਖੁਦਾ ਨੇ ਉਹਦੇ ਜਾਣ ਲਈ ਥਾਪਿਆ ਸੀ। ਇਹੋ ਹੀ ਚੀਜ਼ ਹੈ ਜਿਹੜੀ ਅਸੀਂ ਵੇਖਣਾ ਚਾਹੁੰਦੇ ਹਾਂ ਪ੍ਰਾਰਥਨਾ ਪੰਗਤ ਲਾਉਣ ਤੋਂ ਪਹਿਲਾਂ। ਏਲੀਯਾਹ ਦੇ ਕੋਲ ਇੱਕ ਗੁਪਤ ਸਥਾਨ ਸੀ ਜਿਹੜਾ ਕਿ ਖੁਦਾ ਨੇ ਖੁਦ ਆਪ ਉਹਨੂੰ ਬਖਸ਼ਿਆ ਸੀ, ਹੁਣ, ਕਲੀਸੀਆ ਨੇ ਇਹ ਇਹਨੂੰ ਨਹੀਂ ਦਿੱਤਾ, ਰਾਜੇ ਨੇ ਇਹ ਇਹਨੂੰ ਨਹੀਂ ਦਿੱਤਾ, ਉਹਨੇ ਆਪਣੇ ਆਪ ਇਹ ਨਹੀਂ ਲਿਆ, ਪਰ ਖੁਦਾ ਨੇ ਏਲੀਯਾਹ ਦੇ ਲਈ ਇੱਕ ਗੁਪਤ ਸਥਾਨ ਪ੍ਰਦਾਨ ਕੀਤਾ, ਸੋਕੇ ਦੇ ਸਮੇਂ ਵਿੱਚ ਹਰ ਸਮੇਂ ਭੋਜਨ ਖਵਾਉਣ ਦੇ ਲਈ ਜਿੱਥੇ ਕਿ ਉਸਨੂੰ ਉਹਦਾ ਭੋਜਨ ਹਰ ਰੋਜ ਦਿੱਤਾ ਜਾਂਦਾ ਸੀ। ਉਹਨੂੰ ਹੈਰਾਨ ਹੋਣ ਦੀ ਲੋੜ ਨਹੀਂ ਸੀ ਕਿ ਕਲ ਨੂੰ ਕੀ ਹੋਵੇਗਾ ਜਾਣ ਹੈਰਾਨ ਹੋਵੇ ਕਿ ਜੇ ਰਸਦ ਮੁੱਕ ਗਈ। ਖੁਦਾ ਨੇ ਆਖਿਆ, "ਮੈਂ ਪਹਾੜੀ ਕਾਂਵਾਂ ਨੂੰ ਹੁਕਮ ਦਿੱਤਾ ਹੈ ਕਿ ਉਹ ਤੈਨੂੰ ਭੋਜਨ ਖਵਾਉਣਗੇ"। ਕਿੰਨੀ ਅਨੋਖੀ ਗੱਲ ਹੈ, ਸਾਡੇ ਮਸੀਹ ਵਿੱਚ ਗੁਪਤ ਸਥਾਨ ਦਾ ਨਮੂਨਾ।

38 ਜਦ ਕਿ ਸੰਸਾਰ ਦੀ ਸਭ ਅਤੇ ਸਭ ਕੁਝ ਜੋ ਅੱਜ ਢੱਲ ਰਿਹਾ ਹੈ, ਜੋ ਆਖਦਾ ਹੈ, "ਅਚਰਜ ਕੰਮਾਂ ਦੇ ਦਿਨ ਬੀਤ ਗਏ ਹਨ"। ਅਤੇ ਪਰਮੇਸ਼ਵਰ ਦੀ ਮਹਾਨ ਸ਼ਕਤੀਆਂ ਕਲਿਸਿਆਵਾਂ ਵਿੱਚੋਂ ਬਾਹਰ ਕੱਢ ਦਿੱਤੀਆਂ ਗਈਆਂ ਹਨ। ਉਹ ਹੁਣ ਇੰਝ ਜਾਪਦਾ ਹੈ ਕਿ ਉਹਨਾਂ ਕੋਲ ਹੁਣ ਕੁਝ ਵਧੇਰੇ ਨਹੀਂ ਹੈ "ਬਸ ਠਣ ਠਣ ਕਰਨ ਵਾਲਾ ਪਿੱਤਲ, ਛਣ ਛਣ ਕਰਨ ਵਾਲੇ ਛੈਣੇ" ਬਣੇ ਹੋਏ ਹਨ। ਅਸੀਂ ਜਾਣਦੇ ਹਾਂ ਕਿ ਇਹ ਸੱਚ ਹੈ। "ਉਹ ਭਗਤੀ ਦਾ ਰੂਪ ਧਾਰ ਕੇ ਵੀ ਉਹਦੀ ਸ਼ਕਤੀ ਦੇ ਇਨਕਾਰੀ ਹਨ"।

39 ਇਹ ਤਾਂ ਉਦਾਂ ਹੀ ਹੈ ਜਿਵੇਂ ਕਿ ਦਾਊਦ ਨੇ ਅੱਜ ਸਵੇਰੇ ਬੈਲ ਗੱਡੀ ਨਾਲ ਕੀਤਾ ਸੀ ਤੇ ਪਰਮੇਸ਼ਵਰ ਦੇ ਵਚਨ ਤੋਂ ਦੂਰ ਚਲਿਆ ਗਿਆ ਸੀ। ਜਦ ਵਚਨ ਪੇਸ਼ ਕੀਤਾ ਗਿਆ ਤੇ ਉਹਨਾਂ ਨੂੰ ਦਿੱਤਾ ਗਿਆ, ਉਹ ਇਹਨੂੰ ਨਹੀਂ ਸੀ ਚਾਹੁੰਦੇ; ਇਸ ਲਈ ਉਹ ਇਹਦੇ ਤੋਂ ਦੂਰ ਚਲੇ ਗਏ।

40 ਅਤੇ ਇਹੋ ਹੀ ਕੁਝ ਇਹਨਾਂ ਲੋਕਾਂ ਨੇ ਏਲੀਯਾਹ ਦੇ ਦਿਨੀਂ ਕੀਤਾ, ਤੇ ਵਚਨ ਤੋਂ ਦੂਰ ਚਲੇ ਗਏ। ਉਹਨਾਂ ਨੇ ਸੋਚਿਆ ਕਿ ਉਹਨਾਂ ਕੋਲ ਵਚਨ ਹੈ, ਪਰ ਉਹਨਾਂ ਕੋਲ ਨਹੀਂ ਸੀ। ਸੋ ਹੁਣ ਧਿਆਨ ਦਿਓ, ਤਦ...

41 ਉਸ ਸਮੇਂ ਦੇ ਦੋਰਾਨ ਜਦ ਉਹ ਬੇਪਰਤੀਤੇ ਨੂੰ ਸਜਾ ਦੇਣ ਲੱਗਾ ਸੀ ਤਾਂ ਉਹਨੇ ਵਿਸ਼ਵਾਸੀ ਦੇ ਲਈ ਇੱਕ ਰਾਹ ਤਿਆਰ ਕੀਤਾ। ਅਤੇ ਉਹੋ ਹੀ ਗੱਲ ਉਹ ਹਰ ਵਾਰੀ ਕਰਦਾ ਹੈ। ਉਹਨਾਂ ਦਿਨਾਂ ਵਿੱਚ ਜਦ ਉਹ ਸੰਸਾਰ ਨੂੰ ਪਾਣੀ

ਨਾਲ ਨਾਸ਼ ਕਰਨ ਵਾਲਾ ਸੀ ਤੇ ਉਹਨੇ ਨੂਹ ਦੇ ਲਈ ਬਚਾਅ ਦਾ ਰਾਹ ਤਿਆਰ ਕੀਤਾ। ਉਹਨਾਂ ਦਿਨਾਂ ਵਿੱਚ ਜਦ ਉਹ ਮਿਸਰ ਨੂੰ ਡੋਬਣ ਲੱਗਾ ਸੀ ਤਾਂ ਉਹਨੇ ਆਪਣੇ ਲੋਕਾਂ ਲਈ ਬਚਣ ਦਾ ਰਾਹ ਤਿਆਰ ਕੀਤਾ। ਕਿੰਝ ਖੁਦ ਆਪਣਾ ਰਾਹ ਤਿਆਰ ਕਰਦਾ ਹੈ! ਅਤੇ ਜਿੱਥੇ ਕੋਈ ਰਾਹ ਨਹੀਂ ਹੈ, ਤਾਂ ਉੱਥੇ ਉਹ ਰਾਹ ਹੈ। ਉਹੋ ਹੀ ਉਹ ਰਾਹ ਹੈ!

42 ਹੁਣ ਅਸੀਂ ਮਹਿਸੂਸ ਕਰਦੇ ਹਾਂ ਕਿ ਅਸੀਂ ਇੱਕ ਬੜੇ…ਮਹਾਨ ਸਮੇਂ ਦਾ ਸਾਹਮਣਾ ਕਰ ਰਹੇ ਹਾਂ, ਜੋ ਕਿ ਇਤਿਹਾਸ ਨੇ ਕਦੇ ਜਾਣਿਆ ਹੈ। ਇਹ ਤਾਂ ਚਮਕੀਲੇ ਮਿਜਾਇਲ ਨਾਲ ਅਸਲ ਵਿੱਚ ਵਾਰਹੈਡ ਨਹੀਂ ਹੈ ਜਿਹਦੇ ਉੱਤੇ ਕਿ ਹੈਡ ਬਣਿਆ ਹੋਵੇ ਜਿਹਦੇ ਤੋਂ ਕਿ ਸਾਨੂੰ ਡਰਨਾ ਚਾਹੀਦਾ ਹੈ। ਇਹ ਤਾਂ ਕਲੀਸਿਆਵਾਂ ਹਨ ਜਿਹਨਾਂ ਤੋਂ ਸਾਨੂੰ ਡਰਨਾ ਚਾਹੀਦਾ ਹੈ। ਜਿਹੜੀ ਘੜੀ ਵਿੱਚ ਅਸੀਂ ਰਹਿ ਰਹੇ ਹਾਂ ਸਾਨੂੰ ਉਸ ਉੱਤੇ ਗੋਹ ਕਰਨਾ ਚਾਹੀਦਾ ਹੈ।

43 ਹੁਣ ਧਿਆਨ ਦਿਉ, ਪਰ ਖੁਦ ਨੇ ਏਲੀਯਾਹ ਦੇ ਲਈ ਇਹਦੇ ਤੋਂ ਬਚਣ ਲਈ ਰਾਹ ਤਿਆਰ ਕੀਤਾ। ਅਤੇ ਉਸਨੇ ਆਪਣੇ ਵਿਸ਼ਵਾਸੀ ਬੱਚਿਆਂ ਦੇ ਲਈ ਵੀ ਹੁਣ ਇਹਦੇ ਤੋਂ ਬਚਣ ਦਾ ਰਾਹ ਤਿਆਰ ਕੀਤਾ ਹੈ, ਪ੍ਰਕੋਪ ਅਤੇ ਹੋਣ ਵਾਲੀਆਂ ਗੱਲਾਂ।

44 ਕਿਉਂਕਿ, ਖੁਦਾ ਧਰਮੀ ਨਹੀਂ ਸੀ ਹੋ ਸਕਦਾ ਕਿ ਉਹਨਾਂ ਲੋਕਾਂ ਦਾ ਨਿਆਂ ਕਰੇ ਤੇ ਉਹਨਾਂ ਉੱਤੇ ਸਜਾ ਘੱਲੇ ਅਤੇ ਸੱਦੂਮ ਅਤੇ ਅਮੋਰਾਹ ਨੂੰ ਡੋਬ ਦੇਵੇ। ਅਤੇ ਕਫ਼ਰਨਹੂਮ ਨੂੰ ਸਮੁੰਦਰ ਦੇ ਵਿਚਾਲੇ ਡੋਬ ਦੇਵੇ ਅਤੇ ਉਹਨਾਂ ਪੀੜ੍ਹੀਆਂ ਨੂੰ ਦੋਸ਼ੀ ਠਹਿਰਾਵੇ ਅਤੇ ਸੱਦੂਮ ਅਤੇ ਅਮੋਰਾਹ ਨੂੰ। ਅਤੇ ਅਸੀਂ ਵੀ ਉਹੀ ਕਰੀਏ ਅਤੇ ਇਹਦੇ ਨਾਲ ਚੱਲੀਏ। ਸਾਡੇ ਤੇ ਯਕੀਨਨ ਨਿਆਂ ਪੈਣਾ ਹੈ ਜਿਵੇਂ ਕਿ ਯਕੀਨਨ ਉਹਨਾਂ ਉਤੇ ਪਵੇਗਾ। ਹੁਣ ਅਸੀਂ ਉਹਦੇ ਤੇ ਧਿਆਨ ਦਿੰਦੇ ਹਾਂ…

45 ਜਦ ਇਹ ਚੀਜ਼ਾਂ ਹੋਣ, ਉਸ ਦਿਨ ਦਾ ਆਧੁਨਿਕ ਤਰੀਕਾ, ਪਰਮੇਸ਼ਵਰ ਨੇ ਉਸ ਦਿਨ ਇੱਕ ਆਦਮੀ ਉਠਾ ਖੜ੍ਹਾ ਕੀਤਾ ਜਾਣ ਫਿਰ ਇੱਕ ਆਦਮੀ ਖੜ੍ਹਾ ਕੀਤਾ ਇਹਨਾਂ ਸ਼ਕਤੀਆਂ ਦਾ ਮੁਕਾਬਲਾ ਕਰਨ ਵਾਸਤੇ ਅਤੇ ਉਹ ਇਹਦੀ ਨਹੀਂ ਸੁਣਨਗੇ। ਉਹਨਾਂ ਸੋਚਿਆ ਕਿ ਉਹ ਤਾਂ ਦੀਵਾਨਾ ਸੀ, “ਉਹ ਤਾਂ ਸੁਦਾਈ ਹੋ ਗਿਆ ਸੀ। ਉਹ ਤਾਂ ਬਸ ਇੱਕ ਬੁੱਢਾ ਕੱਟੜਵਾਦੀ, ਜੰਗਲ ਵਿੱਚੋਂ ਨਿਕਲਿਆ ਇੱਕ ਮੂਰਖ, ਇੱਕ ਕਿਸਮ ਦਾ ਝਾੜੀਆਂ ਦਾ ਦੀਵਾਨਾ”। ਪਰ, ਤਦ ਵੀ, ਉਹਦੇ ਕੋਲ ਪਰਮੇਸ਼ਵਰ ਦਾ ਵਚਨ ਸੀ।

46 ਉਹ ਅੱਜ ਆਖਦੇ ਹਨ, “ਜੋ ਵਚਨ ਆਖਦਾ ਹੈ ਇਹ ਉਹਦਾ ਅਰਥ ਨਹੀਂ ਹੈ”। “ਔਹ, ਠੀਕ ਹੈ ਬਾਈਬਲ ਤਾਂ ਇਤਿਹਾਸ ਦੀ ਪੁੱਸਤਕ ਹੈ”। ਮੇਰਾ ਅੰਦਾਜਾ ਹੈ ਕਿ ਤੁਸੀਂ ਇਹ ਵੇਖਿਆ ਹੈ ਕਿ ਹੁਣ ਉਹ ਇਹਦਾ ਦਾਆਵਾ

ਕਰਦੇ ਹਨ, "ਹਵਾ ਨੇ ਸੇਬ ਨਹੀਂ ਖਾਧਾ, ਉਹਨੇ ਖਾਧਾ..." ਇਹ ਕਿ ਸੀ? ਮੇਰਾ ਯਕੀਨ ਹੈ ਕਿ..."ਇਹ ਤਾਂ ਖੁਰਮਾਨੀ ਹੈ", ਅਤੇ ਤਦ ਆਖਦੇ ਹਨ, "ਮੂਸਾ ਬੱਚਿਆਂ ਨੂੰ ਸਮੁੰਦਰ ਥਾਣੀ ਨਹੀਂ ਲਿਆਇਆ। ਇਹ ਤਾਂ ਇੱਕ ਵੱਡਾ ਸਾਰ ਕਾਨਿਆਂ ਦਾ ਗੁੱਛਾ ਸੀ। ਸਮੁੰਦਰ ਦੇ ਦੂਜੇ ਬੰਨੇ ਤੱਕ ਤੇ ਉਹ ਕਾਨਿਆ ਦੇ ਗੁੱਛੇ ਦੇ ਸਮੁੰਦਰ ਥਾਣੀ ਲੰਘਿਆ"। ਤਦ ਇੰਝ ਸਮੁੰਦਰ ਦੇ ਦੋਵੇਂ ਪਾਸੇ ਪਾਣੀ ਦੀਆਂ ਕੰਧਾਂ ਬਣ ਗਈਆਂ ਤਦ ਉਹ ਸੁੱਕੀ ਜਮੀਨ ਪਾਣੀ ਲੰਘੇ। ਔਹ ਅਜਿਹੀ ਬਕਵਾਸ! ਪਰ, ਤੁਸੀਂ ਵੇਖਦੇ ਹੋ, ਖੁਦ ਦਾ ਕ੍ਰੋਧ ਲੋਕਾਂ ਉੱਤੇ ਨਿਆਂ ਲਿਆਉਣ ਦੇ ਲਈ ਕਿਸੇ ਕਿਸਮ ਦੇ ਦਿਨ ਦੀ ਲੋੜ ਪੈਂਦੀ ਹੈ, ਇਹ ਪਰਮੇਸ਼ਵਰ ਦਾ ਕ੍ਰੋਧ ਲਿਆਉਂਦਾ ਹੈ।

47 ਉਹ ਆਖਦੇ ਹਨ ਕਿ ਇਦਾਂ ਦੀ ਕੋਈ ਚੀਜ਼ ਨਹੀਂ...ਇੱਥੋਂ ਤੱਕ ਕਿ ਕਲੀਸੀਆ ਦੇ ਲੋਕ ਵੀ ਅਚਰਜ ਕੰਮਾਂ ਤੇ ਨਿਹਚਾ ਨਹੀਂ ਕਰਦੇ। ਉਹਨਾਂ ਕਿਹਾ, "ਮੈਂ ਤੁਹਾਨੂੰ ਇੱਕ ਹਜਾਰ ਡਾਲਰ ਦਿਆਂਗਾ", ਉਹਨਾਂ ਨੇ ਆਖਿਆ, "ਮੈਨੂੰ ਇਕ ਅਚਰਜ ਕੰਮ ਵਿਖਾ। ਮੈਨੂੰ ਇੱਕ ਚਮਤਕਾਰ ਵਿਖਾ!" ਠੀਕ ਹੈ, ਭਾਈ ਜੇ ਉਹਨਾਂ ਦੇ ਸਾਹਮਣੇ ਦੱਸ ਹਜ਼ਾਰ ਚੀਜ਼ਾਂ ਵੀ ਕੀਤੀਆਂ ਗਈਆਂ ਹੋਣ, ਉਹ ਇਹਨੂੰ ਨਹੀਂ ਵੇਖ ਸਕਦੇ। ਕਿਉਂ, ਉਹ, ਇਹਨੂੰ ਕਦੇ ਨਹੀਂ ਵੇਖਣਗੇ।

ਤੁਸੀਂ ਆਖਦੇ ਹੋ, "ਇਹ ਅਸੰਭਵ ਹੈ"। ਔਹ ਨਹੀਂ, ਇਹ ਨਹੀਂ ਹੈ।

48 ਏਲੀਯਾਹ ਇਕ ਵਾਰ ਹੇਠਾਂ ਦੋਥਾਨ ਵਿੱਚ ਸੀ, ਤੇ ਸੀਰੀਆ ਦੀ ਫੌਜ ਨੇ ਆਣ ਕੇ ਸ਼ਹਿਰ ਨੂੰ ਘੇਰਾ ਪਾ ਲਿਆ ਸੀ, ਉਹਨੂੰ ਫੜ੍ਹਨ ਦੇ ਲਈ। ਕਿਉਂਕਿ ਉਹ ਜਾਂਦੇ ਸਨ ਕਿ ਇਹ ਉਹ ਥਾਂ ਹੈ ਜਿੱਥੇ ਕਿ ਸਾਰੀ ਕੌਮ ਦੀ ਸ਼ਕਤੀ ਪਾਈ ਜਾਂਦੀ ਹੈ, ਉਹ ਦਰਸ਼ੀ ਦੇ ਵਿੱਚ।। ਕਿਉਂ, ਰਾਜਾ...ਇੱਕ ਆਦਮੀ ਨੇ ਸੀਰੀਆ ਦੇ ਰਾਜ ਨੂੰ ਦੱਸਿਆ, ਆਖਿਆ, ਕਿਉਂ, "ਤੂੰ ਜਾਣਦਾ ਹੈਂ ਕਿ ਏਲੀਯਾਹ ਨਬੀ ਜੋ ਕਿ ਤਿਸ਼ਬੀ ਹੈ, ਜੋ ਤੂੰ ਆਪਣੀ ਗੁਪਤ ਕੋਠੜੀ ਵਿੱਚ ਗੱਲਬਾਤ ਕਰਦਾ ਹੈਂ ਉਹਨੂੰ ਉਹ ਇਸਰਾਇਲ ਦੇ ਰਾਜੇ ਨੂੰ ਦੋਸ਼ ਦਿੰਦਾ ਹੈ"।

49 ਆਖਿਆ, "ਜਾਓ ਤੇ ਜਾ ਕੇ ਉਹਨੂੰ ਲਿਆਓ! ਇਹ ਉਹ ਆਦਮੀ ਹੈ ਜੋ ਸਾਨੂੰ ਰੋਕ ਰਿਹਾ ਹੈ"। ਅਤੇ ਸੀਰੀਆ ਦੀ ਸਾਰੀ ਫੋਜ ਦੋਥਾਨ ਦੇ ਚੁਗਿਰਦ ਆ ਗਈ। ਉਹ ਇਹਦੇ ਆਲੇ ਦੁਆਲੇ ਸਨ।

50 ਅਤੇ ਗੇਹਾਜੀ, ਨਬੀ ਦਾ ਸੇਵਕ, ਜਾਗ ਉੱਠਿਆ ਅਤੇ ਉਹਨੇ ਕਿਹਾ, "ਔਹ ਮੇਰੇ ਪਿਤਾ ਇੱਥੇ ਸਾਰੇ ਆਲੇ ਦੁਆਲੇ ਫੋਜ ਹੈ। ਅਸੀਂ ਪੂਰੇ ਤੋਰ ਨਾਲ ਘਿਰੇ ਹੋਏ ਹਾਂ"।

51 ਏਲੀਯਾਹ ਨੇ ਆਖਿਆ, "ਕਿਉਂ ਨਹੀਂ, ਸਾਡੇ ਨਾਲ ਤਾਂ ਉਹਨਾਂ ਨਾਲੋਂ ਵੀ ਜਿਆਦਾ ਹਨ"। ਸਮਝੇ?

ਅਰ ਗੇਹਾਜੀ ਨੇ ਆਲੇ ਦੁਆਲੇ ਦੇਖਿਆ, ਅਤੇ ਆਖਿਆ, "ਮੈਨੂੰ ਤਾਂ ਕੋਈ ਨਹੀਂ ਦਿਸਦਾ"।

52 ਉਹਨੇ ਕਿਹਾ, "ਖੁਦਾਵੰਦ ਖੁਦਾ ਇਸ ਮੁੰਡੇ ਦੀਆਂ ਅੱਖਾਂ ਖੋਲ ਦੇ"। ਤੇ ਉਸ ਦੀਆਂ ਅੱਖਾਂ ਖੁੱਲ ਗਈਆਂ ਅਤੇ ਸਾਰੇ ਪਹਾੜ ਫਰੀਸ਼ਤਿਆਂ ਨਾਲ ਭਰੇ ਹੋਏ ਸਨ ਅਤੇ ਰਥ ਉੱਥੇ ਆਲੇ ਦੁਆਲੇ ਪਏ ਹੋਏ ਸਨ, ਅਣਡਿੱਠ ਮੁਕਤੀਆਂ।

53 ਏਲੀਯਾਹ ਠੀਕ ਉੱਥੇ ਬਾਹਰ ਗਿਆ ਅਤੇ ਬਾਈਬਲ ਨੇ ਆਖਿਆ ਹੈ, "ਉਹਨੇ ਉਹਨਾਂ ਨੂੰ ਅੰਨ੍ਹਿਆਂ ਕਰ ਦਿੱਤਾ"। ਉਹ ਉਹਨਾਂ ਕੋਲ ਗਿਆ; ਉਹ ਇਹਨੂੰ ਨਹੀਂ ਸੀ ਵੇਖ ਸਕਦੇ। ਬਾਹਰ ਗਿਆ ਅਤੇ ਆਖਿਆ, "ਕੀ ਤੁਸੀਂ ਏਲੀਯਾਹ ਨੂੰ ਭਾਲ ਰਹੇ ਹੋ?"

ਉਹਨੇ ਕਿਹਾ, "ਹਾਂ, ਅਸੀਂ ਉਸਨੂੰ ਭਾਲ ਰਹੇ ਹਾਂ"।

54 ਆਖਿਆ, "ਆ ਜਾਓ ਤੁਹਾਨੂੰ ਠੀਕ ਦੱਸਦਾ ਹਾਂ ਕਿ ਉਹ ਕਿੱਥੇ ਹੈ" ਜਿੱਥੇ ਉਹਨਾਂ ਧਹਿ ਲਾਈ ਹੋਈ ਸੀ ਉੱਥੇ ਲੈ ਗਿਆ, ਠੀਕ ਉੱਥੇ ਜਿੱਥੇ ਕਿ ਫੋਜਾਂ ਨੇ ਨਿਕਲ ਕੇ ਉਹਨਾਂ ਨੂੰ ਲੈ ਲਿਆ।

55 ਹੁਣ, ਬਾਈਬਲ ਨੇ ਆਖਿਆ ਹੈ, "ਉਹਨੇ ਉਹਨਾਂ ਨੂੰ ਅੰਨਿਆਂ ਕਰ ਦਿੱਤਾ"। ਇਹ ਇਹਦਾ ਨਬੇੜਾ ਕਰਦਾ ਹੈ। ਲੋਕ ਇੱਥੇ ਅੱਜ ਆਤਮਿਕ ਅੰਨ੍ਹੇ ਹਨ, ਭਾਵੇਂ ਖੁਦਾਵੰਦ ਖੁਦਾ ਉਹਨਾਂ ਦੇ ਵਿਚਾਲੇ ਆ ਜਾਵੇ ਤੇ ਕੁਝ ਵੀ ਕਰੇ ਅਤੇ ਜਿਹਨਾਂ ਦਾ ਉਹਨੇ ਵਾਦਾ ਕੀਤਾ ਹੈ, ਉਹ ਅਜੇ ਵੀ ਵੇਖ ਨਹੀਂ ਸਕਦੇ। ਉਹ ਆਤਮਿਕ ਤੋਰ ਤੇ ਅੰਨ੍ਹੇ ਹਨ, ਖੁਦ ਨੂੰ ਨਹੀਂ ਜਾਣਦੇ, ਉਹਦੀ ਮਹਾਨ ਸ਼ਕਤੀ ਨੂੰ ਨਹੀਂ ਜਾਣਦੇ। ਹੁਣ, ਅਸੀਂ ਧਿਆਨ ਦਿੰਦੇ ਹਾਂ ਕਿ ਉਹਨਾਂ ਨੇ ਇਹ ਏਲੀਯਾਹ ਦੇ ਦਿਨੀਂ ਕੀਤਾ, ਤੇ ਉਹ ਅੱਜ ਵੀ ਕਰਦੇ ਹਨ। ਖੁਦਾ ਉਹਨਾਂ ਨੂੰ ਅੰਨ੍ਹਿਆਂ ਕਰ ਦਿੰਦਾ ਹੈ। ਉਹ ਅੱਜ ਆਖਦੇ ਹਨ, "ਕੋਈ ਅਚਰਜ ਕੰਮ ਨਹੀਂ ਹਨ, ਇਸ ਤਰ੍ਹਾਂ ਦੀ ਕੋਈ ਚੀਜ ਨਹੀਂ ਹੈ, ਇਹ ਸਭ ਤਾਂ ਭਾਵਨਾਵਾਂ ਹਨ"।

56 ਅਤੇ ਉਹਨਾਂ ਨੇ ਏਲੀਯਾਹ ਦੇ ਬਾਰੇ ਵਿੱਚ ਵੀ ਇਹੋ ਚੀਜ਼ ਆਖੀ ਕਿਉਂਕਿ ਜਦ ਉਹ ਉਤਾਂਹ ਉਠਾਇਆ ਗਿਆ ਅਤੇ ਅਲਿਸ਼ਾ ਨੇ ਉਸਦੀ ਜਗ੍ਹਾ ਲਈ, ਇੱਕ ਜਵਾਨ ਆਦਮੀ ਗੰਜਾ ਹੋ ਗਿਆ, ਜਵਾਨ ਬੱਚੇ ਉਹਦੇ ਪਿੱਛੇ ਪਿੱਛੇ ਭੱਜੇ ਅਤੇ ਆਖਿਆ, "ਬੁੱਢੇ ਗੰਜੇ ਤੂੰ ਏਲੀਯਾਹ ਦੇ ਨਾਲ ਕਿਉਂ ਨਹੀਂ ਚਲਿਆ ਗਿਆ?" ਸਮਝੋ, ਸ਼ੁਰੂ ਵਿੱਚ ਹੀ ਲੋਕਾਂ ਨੇ ਉਹਦਾ ਯਕੀਨ ਹੀ ਨਹੀਂ ਕੀਤਾ। ਬਹੁਤ ਸਾਰੀਆਂ ਗੱਲਾਂ ਹੋਣ ਦੇ ਬਾਅਦ ਵੀ। ਅਤੇ ਇਹ ਖੁਦਾ ਦਾ ਮਹਾਨ ਜਨ ਮਹਾਨ ਦੇ ਹੱਥ ਦੇ ਦੁਆਰਾ ਸਵਰਗ ਤੇ ਉਠ ਲਿਆ ਗਿਆ ਸੀ, ਅਤੇ ਲੋਕਾਂ ਨੇ ਇਹਦਾ ਤਦ ਵੀ ਵਿਸ਼ਵਾਸ ਨਹੀਂ ਕੀਤਾ ਸੀ। ਤੇ ਆਪਣੇ ਛੋਟੇ ਬੱਚਿਆਂ ਨੂੰ ਵੀ ਇਸ ਆਦਮੀ ਦੇ ਪਿੱਛੇ ਭੱਜਣ ਦਿੱਤਾ ਅਤੇ ਆਖਿਆ, "ਬੁੱਢੇ ਗੰਜੇ, ਤੂੰ

ਕਿਉਂ ਨਹੀਂ ਉਤਾਂਹ ਚਲਿਆ ਗਿਆ?" ਸਮਝੇ? ਅਤੇ ਤਦ ਨਬੀ ਨੇ ਬੱਚਿਆਂ ਨੂੰ ਸ਼ਰਾਪ ਦਿੱਤਾ ਤੇ ਇੱਕ ਰਿਛਣੀ ਨੇ ਉਹਨਾਂ ਵਿੱਚ ਬਤਾਲੀ ਬੱਚਿਆਂ ਨੂੰ ਮਾਰ ਸੁੱਟਿਆ।

57 ਹੁਣ ਧਿਆਨ ਦਿਓ। ਅੱਜ, ਜਿਵੇਂ ਕਿ ਇਹ ਤਦ ਸੀ ਉਹ ਵਚਨ ਦੀ ਆਪਣੀ ਹੀ ਵਿਆਖਿਆ ਕਰਦੇ ਸਨ। ਹੁਣ, ਜੇ ਉਹ ਇਹ ਕਰਨਾ ਚਾਹੁੰਦੇ ਹਨ, ਇਹ ਤਾਂ ਉਹਨਾਂ ਉੱਤੇ ਨਿਰਭਰ ਹੈ, ਪਰ ਉਹ ਤਾਂ ਸਾਨੂੰ ਇਹਦਾ ਵਿਸ਼ਵਾਸ ਕਰਾਉਣ ਦਾ ਯਤਨ ਕਰਦੇ ਹਨ। ਬਾਈਬਲ ਨੇ ਆਖਿਆ ਹੈ, "ਇਹ ਖੁਦਾ ਦਾ ਕਲਾਮ ਕਿਸੇ ਨਿੱਜੀ ਅਨੁਵਾਦ ਤੋਂ ਨਹੀਂ ਹੈ"। ਖੁਦਾ ਇਹਦਾ ਆਪਣਾ ਹੀ ਅਨੁਵਾਦ ਕਰਦਾ ਹੈ। ਖੁਦਾ ਆਪਣੇ ਵਚਨ ਨੂੰ ਪੱਕਿਆਂ ਕਰਦਾ ਹੈ, ਅਤੇ ਇਹੋ ਹੀ ਉਹਦਾ ਅਨੁਵਾਦ ਹੈ। ਜਿਵੇਂ ਕਿ ਮੈਂ ਕਿੰਨੀ ਵਾਰੀ ਆਖਿਆ ਹੈ ਉਹਨੇ ਆਦਿ ਵਿੱਚ ਆਖਿਆ, "ਉਜਾਲਾ ਹੋ ਜਾਵੇ, ਤਾਂ ਉਜਾਲਾ ਹੋ ਗਿਆ"। ਇਹਦਾ ਅਨੁਵਾਦ ਕਰਨ ਦੀ ਲੋੜ ਨਹੀਂ ਹੈ; ਇਹ ਤਾਂ ਵਾਪਰਿਆ। ਉਹਨੇ ਕਿਹਾ, "ਇਕ ਕੁੰਵਾਰੀ ਗਰਭਵਤੀ ਹੋਵੇਗੀ", ਤੇ ਉਹ ਹੋਈ। ਉਹਨੇ ਕਿਹਾ, "ਉਹ ਆਤਮਾ ਘੱਲੇਗਾ", ਉਹਨੇ ਘੱਲਿਆ। ਅਤੇ ਉਹਨੇ ਕਿਹਾ, "ਅੰਤ ਦੇ ਦਿਨਾਂ ਵਿੱਚ," ਤੇ ਜੋ ਗੱਲਾਂ ਉਹ ਕਰੇਗਾ, ਉਹ ਕਰ ਰਿਹਾ ਹੈ! ਇਹਨੂੰ ਕਿਸੇ ਅਨੁਵਾਦ ਦੀ ਲੋੜ ਨਹੀਂ ਹੈ; ਖੁਦਾ ਇਹਦਾ ਆਪਣਾ ਹੀ ਅਨੁਵਾਦ ਕਰ ਰਿਹਾ ਹੈ। ਕੋਈ ਪਰਵਾਹ ਨਹੀਂ ਕਿ ਮੂਰਖ ਆਦਮੀ ਕੀ ਆਖਦਾ ਹੈ, ਇਹ ਤਾਂ ਖੁਦ ਨੂੰ ਜਰਾ ਵੀ ਨਹੀਂ ਰੋਕਦਾ ਹੈ।

58 ਜਦ ਯਿਸੂ ਧਰਤੀ ਤੇ ਸੀ, ਉਹਨੂੰ ਉਨ੍ਹੀਂ ਹੀ ਬੇਪਰਤੀਤੀ ਦਾ ਸਾਹਮਣਾ ਕਰਨਾ ਪਿਆ, ਜਿੰਨਾਂ ਅੱਜ ਸਾਡੇ ਸਮੇਂ ਵਿੱਚ ਹੈ ਅਤੇ ਹੋ ਸਕਦਾ ਹੈ ਜਿਆਦਾ ਹੋਵੇ। ਪਰ ਇਹ ਉਹਨੂੰ ਰੋਕ ਨਹੀਂ ਸਕਿਆ। ਉਹ ਤਾਂ ਆਪਣਾ ਕੰਮ ਕਰਦਾ ਰਿਹਾ, ਤੇ ਆਪਣਾ ਫਰਜ ਨਿਭਾਉਂਦਾ ਰਿਹਾ ਅਤੇ ਹਰ ਚੀਜ਼ ਜਿਹੜੀ ਉਹ ਕਰਦਾ ਸੀ ਖੁਦ ਉਸਨੂੰ ਪੱਕਿਆਂ ਕਰਦਾ ਸੀ। ਉਹਨੇ ਕਿਹਾ, "ਮੈਂ ਆਪਣੇ ਆਪ ਇਹ ਨਹੀਂ ਕਰਦਾ ਹਾਂ, ਮੈਂ ਅਤੇ ਮੇਰਾ ਪਿਤਾ ਇੱਕ ਹਾਂ; ਉਹ ਮੇਰੇ ਵਿੱਚ ਰਹਿੰਦਾ ਹੈ। ਇਹ ਮੈਂ ਨਹੀਂ ਹਾਂ ਜਿਹੜਾ ਕਿ ਕੰਮ ਕਰਦਾ ਹਾਂ, ਇਹ ਤਾਂ ਪਿਤਾ ਹੈ ਜੋ ਮੇਰੇ ਵਿੱਚ ਰਹਿੰਦਾ ਹੈ। ਅਤੇ ਜੇ ਮੈਂ ਉਹਦੇ ਕੰਮ ਨ ਕਰਾਂ, ਤਦ ਮੇਰਾ ਵਿਸ਼ਵਾਸ ਨਾ ਕਰੋ। ਪਰ ਜੇ ਮੈਂ ਕੰਮ ਕਰਦਾ ਹਾਂ ਅਤੇ ਤਦ ਵੀ ਤੁਸੀਂ ਜੇ ਮੇਰਾ ਵਿਸ਼ਵਾਸ ਨਹੀਂ ਕਰਦੇ, ਮੇਰੇ ਕੰਮਾਂ ਦਾ ਵਿਸ਼ਵਾਸ ਕਰੋ"। ਸਮਝੇ? ਦੂਸਰੇ ਸ਼ਬਦਾਂ ਵਿੱਚ ਉਹ।। "ਲਿਖਤਾਂ ਦੀ ਖੋਜ ਕਰੋ"। ਉਹਨੇ ਕਿਹਾ ਇਹ ਉਹ ਥਾਂ ਹੈ ਜਿੱਥੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਸਦੀਪਕ ਜੀਵਨ ਮਿਲਿਆ ਹੈ, ਲਿਖਤਾਂ ਨੂੰ ਜਾਣਨ ਦੇ ਦੁਆਰਾ। ਅਤੇ ਲਿਖਤਾਂ ਖੁਦ ਮੇਰੀ ਗਵਾਹੀ ਦਿੰਦੀਆਂ ਹਨ।

ਆਮੀਨ। ਕਿਹੋ ਜਿਹਾ ਬਿਆਨ ਹੈ! "ਇਹ ਉਹ ਹਨ, ਲਿਖਤਾਂ, ਜੋ ਕਿ ਤੁਹਾਨੂੰ ਦੱਸਦੀਆਂ ਹਨ ਕਿ ਮੈਂ ਕੌਣ ਹਾਂ," ਯਿਸੂ ਨੇ ਆਖਿਆ।

59 ਅਤੇ ਇਹ ਉਹ ਲਿਖਤਾਂ ਹਨ ਜੋ ਕਿ ਤੁਹਾਨੂੰ ਉਸ ਘੜੀ ਬਾਰੇ ਦੱਸਦੀਆਂ ਹਨ ਜਿਹਦੇ ਵਿੱਚ ਅਸੀਂ ਰਹਿ ਰਹੇ ਹਾਂ। ਅਤੇ ਜਿਹੜੀਆਂ ਚੀਜ਼ਾਂ ਤੁਸੀਂ ਹੁੰਦੇ ਹੋਏ ਵੇਖੀਆਂ ਹਨ, ਇਹ ਤਾਂ ਖੁਦ ਖੁਦਾ ਆਪਣੇ ਲੋਕਾਂ ਵਿੱਚ ਹੈ। ਅਤੇ ਪਰਮੇਸ਼ਵਰ ਤੋਂ ਸਿਵਾਏ ਕੋਈ ਵੀ ਮੁਰਦੇ ਨੂੰ ਜਿਉਂਦੇ ਨਹੀਂ ਕਰ ਸਕਦਾਕੋਈ ਵੀ ਉਹ ਚੀਜਾਂ ਨਹੀਂ ਕਰ ਸਕਦਾ ਜੋ ਉਹ ਕਰ ਰਿਹਾ ਹੈ। ਹੁਣ, ਪਰ ਉਹ… ਕਿਉਂਕਿ ਬਾਈਬਲ ਨੇ ਆਖਿਆ, "ਉਹ ਕਲ ਅੱਜ ਅਤੇ ਯੁਗੋਯੁਗ ਇੱਕੋ ਜਿਹਾ ਹੈ"।

60 ਹੁਣ, ਅਸੀਂ ਤਦ ਲੋਕਾਂ ਦਾ ਆਧੁਨਿਕ ਢੰਗ ਵੇਖਦੇ ਹਾਂ। ਤਦ, "ਔਹ, ਦਿਨ ਬੀਤ ਗਏ ਹਨ, ਅਤੇ ਚਮਤਕਾਰਾਂ ਵਰਗੀ ਕੋਈ ਚੀਜ ਨਹੀਂ ਹੈ। ਲੋਕ ਤਾਂ ਬਸ ਭਾਵਨਾਵਾਂ ਨਾਲ ਭਰੇ ਹੋਏ ਹਨ"।

61 ਉਸ ਏਲੀਯਾਹ ਨਬੀ ਨੂੰ, ਉਹਨਾਂ ਦੇ ਵਿਰੁੱਧ ਅਤੇ ਉਹਨਾਂ ਦੇ ਰੱਬੀ ਗਿਆਨ ਦੇ ਵਿਰੁੱਧ ਚਿਲਾਉਂਦੇ ਹੋਏ ਸੁਣੋ। ਧਿਆਨ ਦਿਓ, ਧਿਆਨ ਦਿਓ, ਉਹ ਇੰਝ ਬੋਲਿਆ ਜਿਵੇਂ ਕਿ ਉਹ ਖੁਦ ਖੁਦਾ ਹੈ। ਏਲੀਯਾਹ ਇੰਝ ਬੋਲਿਆ ਜਿਵੇਂ ਕਿ ਉਹ ਆਪ ਹੀ ਖੁਦਾ ਹੋਵੇ, "ਅਕਾਸ਼ੋਂ ਤ੍ਰੇਲ ਨਹੀਂ ਪਵੇਗੀ ਜਦ ਤੱਕ ਮੈਂ ਨ ਆਖਾਂ"। ਆਮੀਨ। ਹਾਂ ਸ਼੍ਰੀ ਮਾਨ ਜੀ। ਨਬੀ ਖੁਦਾ ਦੀ ਹਜ਼ੂਰੀ ਵਿੱਚ ਇੰਨਾ ਚਿਰ ਰਿਹਾ ਸੀ!

62 ਪੁਰਾਣੇ ਨੇਮ ਦੇ ਨਬੀ ਜਾਣ ਕਿਸੇ ਵੀ ਸਮੇਂ, ਜਦ ਉਹ ਪਰਮੇਸ਼ਵਰ ਦੀ ਹਜ਼ੂਰੀ ਵਿੱਚ ਰਹੇ ਜਦ ਤੱਕ ਕਿ ਉਹ ਵਚਨ ਨਾ ਬਣ ਗਏ, ਉਹਨਾਂ ਦਾ ਸੰਦੇਸ਼ ਹੀ ਖੁਦਾ ਵਚਨ ਹੈ। ਅਤੇ, ਯਾਦ ਰਹੇ ਉਹਨੇ ਕਿਹਾ, "**ਯਹੋਵਾਹ ਇੰਝ ਫ਼ਰਮਾਉਂਦਾ ਹੈ**"। ਅਤੇ ਜਦ ਉਹਨਾਂ ਆਦਮੀਆਂ ਦੇ ਕੋਲ ਪਰਮੇਸ਼ਵਰ ਕੋਲੋਂ ਉਹ ਸੰਦੇਸ਼ ਸਨ, ਅਤੇ ਉਹ ਐਨੇ ਕੁ ਲਪੇਟੇ ਗਏ ਕਿ ਉਹਨਾਂ ਦੀ ਆਪਣੀ ਸਮਝ…ਇਹ ਉਹਨਾਂ ਦੀ ਸੋਚ ਦੇ ਵਿਰੁੱਧ ਰਿਹਾ ਹੋਵੇਗਾ। ਹੋ ਸਕਦਾ ਹੈ ਉਹ ਇਹਨੂੰ ਠੀਕ ਵੇਖਣ ਦੇ ਯੋਗ ਨਾ ਰਹੇ ਹੋਣ। ਪਰ ਉਹ ਤਾਂ ਪਰਮੇਸ਼ਵਰ ਦਾ ਵਚਨ ਬੋਲ ਰਹੇ ਸਨ, "**ਯਹੋਵਾਹ ਇੰਝ ਫ਼ਰਮਾਉਂਦਾ ਹੈ**"।

63 "ਕੋਈ ਮੀਂਹ ਨਹੀਂ ਪਵੇਗਾ ਜਦ ਤੱਕ ਕਿ ਮੈਂ ਨਾ ਆਖਾਂ"। ਔਹ, ਕਿਹੋ ਜਿਹਾ ਬਿਆਨ ਹੈ! ਉਹ ਪਰਮੇਸ਼ਵਰ ਦੀ ਹਜ਼ੂਰੀ ਵਿੱਚ ਰਿਹਾ ਸੀ ਤੇ ਬੜਾ ਸੰਪੂਰਨ ਸਾਬਤ ਕੀਤਾ ਗਿਆ ਸੀ। ਅਤੇ ਯਾਦ ਰਹੇ ਇਹ ਆਮੋਸ 3:7 ਆਇਤ ਵੱਲ ਆਉਂਦਾ ਹੈ, "ਨਿਸੰਗ ਪ੍ਰਭੂ ਯਹੋਵਾਹ ਕੋਈ ਕੰਮ ਨ ਕਰੇਗਾ, ਜਦ ਤੱਕ ਉਹ

ਆਪਣੇ ਸੇਵਕਾਂ, ਨਬੀਆਂ ਨੂੰ ਆਪਣਾ ਭੇਤ ਪ੍ਰਗਟ ਨਾ ਕਰ ਦੇਵੇ"। ਆਖਿਆ, "ਕੋਈ ਮੀਂਹ ਨਾ ਪਵੇਗਾ"। ਉਹ ਪਹਿਲਾਂ…

64 ਉਹ ਉਹਦੇ ਉੱਤੇ ਹੱਸੇ। ਉਹਨਾਂ ਸੋਚਿਆ ਕਿ ਉਹ ਪਾਗਲ ਹੋ ਗਿਆ ਹੈ, "ਉਹ ਕੱਟੜਵਾਦੀ"। ਪਰ, ਸਮਝੋ, ਪਰ ਉਹਦੇ ਕੋਲ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਵਾਲੀ ਬਾਣੀ ਸੀ ਕਿ ਮੀਂਹ ਨਹੀਂ ਪਵੇਗਾ। ਅਤੇ ਖੁਦਾ, ਉਹ ਨੇ ਇਸਨੂੰ ਕਰਨ ਤੋਂ ਪਹਿਲਾਂ, ਉਹ ਇਸਨੂੰ ਆਪਣੇ ਸੇਵਕ ਉੱਤੇ ਪ੍ਰਗਟ ਕੀਤਾ। ਅਤੇ ਉਹ ਪ੍ਰਮਾਣਿਤ ਕੀਤਾ ਹੋਇਆ ਤੇ ਸਾਬਤ ਕੀਤਾ ਹੋਇਆ ਨਬੀ ਸੀ ਤਾਂ ਕਿ ਲੋਕ ਤੌਬਾ ਕਰਨ। ਪਰ, ਬਜਾਏ ਇਸ ਦੇ, ਉਹ ਉਹਦੇ ਉੱਤੇ ਹੱਸੇ, ਆਖਿਆ, "ਔਹ, ਸਾਡੇ ਕੋਲ ਬਹੁਤ ਮੀਂਹ ਪਿਆ ਹੈ! ਸਰੋਵਰ ਭਰੇ ਹੋਏ ਹਨ। ਨਦੀਆਂ ਚੰਗੀ ਤਰ੍ਹਾਂ ਵਹਿ ਰਹੀਆਂ ਹਨ"।

65 ਬਾਈਬਲ ਨੇ ਆਖਿਆ, "ਤਿੰਨ ਸਾਲ ਤੇ ਛੇ ਮਹੀਨੇ ਪਾਣੀ ਦੀ ਬੂੰਦ ਵੀ ਨਾ ਪਈ"। ਸਭ ਨਾਲੇ ਅਤੇ ਪਾਣੀ ਸੁੱਕ ਗਏ, ਸਭਨੀ ਥਾਈਂ। ਇਹ ਉਹ ਆਦਮੀ ਨਹੀਂ ਸੀ, ਇਹ ਤਾਂ ਖੁਦਾ ਸੀ ਜੋ ਮਨੁੱਖ ਦੇ ਅੰਦਰੋਂ ਦੀ ਗੱਲ ਕਰ ਰਿਹਾ ਸੀ। ਇਹ ਤਾਂ "ਮੈਂ" ਸੀ, ਅਸੀਂ ਹਮੇਸ਼ਾ ਹੀ ਜਾਣਦੇ ਹਾਂ। ਸੋ ਉਹ…

66 ਅਸੀਂ ਪਤਾ ਲਾਉਂਦੇ ਹਾਂ ਕਿ ਜਦੋਂ ਆਦਮੀ ਆਉਂਦਾ ਹੈ, ਪਰਮੇਸ਼ਵਰ ਦੀ ਵੱਲੋਂ ਘੱਲਿਆ ਹੋਇਆ, ਪਰਮੇਸ਼ਵਰ ਦੀ ਵੱਲੋਂ ਠਹਿਰਾਇਆ ਹੋਇਆ, ਸੱਚੀ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਵਾਲੀ ਬਾਣੀ ਦੇ ਨਾਲ, ਸੰਦੇਸ਼ ਅਤੇ ਸੰਦੇਸ਼ਵਾਹਕ ਇੱਕੋ ਹੀ ਹੁੰਦੇ ਹਨ। ਕਿਉਂਕਿ ਉਹ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਵਾਲੀ ਬਾਣੀ ਨੂੰ ਦਰਸ਼ਾਉਣ ਲਈ, ਹਰੇਕ ਸ਼ਬਦ ਨੂੰ ਦਰਸ਼ਾਉਣ ਲਈ, ਉਹ ਅਤੇ ਉਹਦਾ ਸੰਦੇਸ਼ ਇੱਕ ਹੀ ਹੈ।

67 ਇਹ ਮਿਸ਼ਨ ਦਾ ਆਦਮੀ ਮਿਸ਼ਨ ਦੀ ਰਹਿਨੁਮਾਈ ਦੇ ਅਧੀਨ ਉਹ ਅਤੇ ਉਹਦੀ ਕਲੀਸੀਆ "ਇੱਕ" ਹਨ। ਇੱਕ ਰੱਬੀ ਗਿਆਨ ਦਾ ਵਿਦਵਾਨ ਇੱਕ ਮਿਸ਼ਨ ਦੀ ਬਣਾਈ ਹੋਈ ਰੱਬੀ ਗਿਆਨ ਦੀ ਸਿੱਖਿਆ ਦੇ ਅਧੀਨ, ਉਹ ਅਤੇ ਉਹਦਾ ਸੰਦੇਸ਼ ਇੱਕ ਹਨ; ਰੱਬੀ ਗਿਆਨ ਦੀ ਕਲੀਸੀਆ, ਇੱਕ ਰੱਬੀ ਗਿਆਨ ਦਾ ਵਿਦਵਾਨ। ਇਹ ਠੀਕ ਹੈ।

68 ਤਦ ਜਦ ਇੱਕ ਆਦਮੀ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਵਾਲੀ ਬਾਣੀ ਦੇ ਨਾਲ ਆਉਂਦਾ ਹੈ, ਉਹ ਅਤੇ ਉਹਦਾ ਸੰਦੇਸ਼ ਇੱਕ ਹੈ। ਅਤੇ ਜਦੋਂ ਏਲੀਯਾਹ **ਯਹੋਵਾਹ ਇੰਝ ਫ਼ਰਮਾਉਂਦਾ** ਹੈ ਵਾਲੀ ਬਾਣੀ ਨਾਲ ਆਇਆ, ਉਹ ਅਤੇ ਉਹਦਾ ਸੰਦੇਸ਼ ਇੱਕ ਬਣ ਗਏ। ਉਸੇ ਤਰ੍ਹਾਂ ਜਿਵੇਂ ਕਿ ਯਿਸੂ, ਜਦ ਉਹ ਆਇਆ, ਉਹ ਵਚਨ ਸੀ। ਸੰਤ ਯੂਹੰਨਾ 1 ਅਧਿਆਏ। ਹਰ ਸਮੇਂ ਹੀ ਪਰਮੇਸ਼ਵਰ ਦਾ ਵਚਨ ਅਤੇ ਯੁੱਗ ਦਾ ਸੰਦੇਸ਼ਵਾਹਕ ਇੱਕੋ ਹੀ ਚੀਜ਼ ਹੁੰਦੇ ਹਨ। ਇਹ ਠੀਕ ਹੈ।

69 ਯਿਸੂ ਵਚਨ ਸੀ ਜਿਹਦੀ ਕਿ ਭਵਿੱਖਬਾਣੀ ਕੀਤੀ ਗਈ ਸੀ। ਇਹ ਉਹ ਸੀ ਜੋ ਕਿ ਨਬੀਆਂ ਨੇ ਆਖਿਆ ਕਿ ਹੋਵੇਗਾ। "ਇੱਕ ਕੁਵਾਰੀ ਗਰਭਵਤੀ ਹੋਏਗੀ ਅਤੇ ਬਾਲਕ ਜਣੇਗੀ"। ਪਿਛਾਂਹ ਯਾਦ ਵਿੱਚ, ਪਰਮੇਸ਼ਵਰ ਨੇ ਉਹਨਾਂ ਨੂੰ ਦੱਸਿਆ, ਆਖਿਆ, "ਔਰਤ ਦੀ ਸੰਤਾਨ ਸੱਪ ਦਾ ਸਿਰ ਫੇਵੇਂਗੀ, ਅਤੇ ਉਹਦੀ ਅੱਡੀ ਨੂੰ ਕੁਚਲੇਗੀ"। ਇਹ ਸਭ ਭਵਿਖਬਾਣੀਆਂ ਦਿੱਤੀਆਂ ਗਈਆਂ ਹਨ। ਦਾਊਦ ਚਿਲਾ ਰਿਹਾ ਸੀ, ਬਾਕੀ ਸਭ ਨਬੀ ਸਭ ਯੁੱਗਾਂ ਦੇ ਥਾਣੀ ਉਹਦੇ ਬਾਰੇ ਵਿੱਚ ਬੋਲ ਰਹੇ ਸਨ। ਇਹ ਉਹ ਪ੍ਰਗਟ ਕੀਤਾ ਹੋਇਆ ਵਚਨ ਸੀ। ਹਾਲੇਲੂਯਾਹ!

70 ਹੁਣ ਤੁਸੀਂ ਸਮਝਦੇ ਹੋ ਕਿ ਮੈਂ ਕਿੱਥੇ ਜਾਣ ਦਾ ਯਤਨ ਕਰ ਰਿਹਾ ਹਾਂ? ਮੈਂ ਤੁਹਾਡੇ ਨਾਲ ਅੱਜ ਸਵੇਰ ਬਹੁਤ ਹੀ ਸਪਸ਼ਟ ਬੋਲਿਆ ਹੈ। ਕਿ ਤੁਸੀਂ ਜਿਉਂਦੇ ਪਰਮੇਸ਼ਵਰ ਦੇ ਇਖਤਿਆਰ ਨੂੰ, ਜਿਉਂਦੀ ਕਲੀਸੀਆ ਲਾੜੀ ਵਿੱਚ ਨਹੀਂ ਵੇਖਦੇ ਹੋ। ਬਿਮਾਰ ਚੰਗੇ ਕੀਤੇ ਗਏ ਹਨ, ਮੁਰਦੇ ਜਿੰਦਾ ਕੀਤੇ ਗਏ ਹਨ, ਲੰਗੜੇ ਚੱਲਦੇ ਹਨ, ਅੰਨੇ ਵੇਖਦੇ ਹਨ, ਅਤੇ ਸੁਸਮਚਾਰ ਆਪਣੀ ਸਮਰੱਥ ਵਿਚ ਪ੍ਰਚਾਰ ਕੀਤਾ ਜਾ ਰਿਹਾ ਹੈ। ਕਿਉਂਕਿ ਸੰਦੇਸ਼ ਅਤੇ ਸੰਦੇਸ਼ਵਾਹਕ ਇੱਕੋ ਹੀ ਚੀਜ਼ ਹਨ। ਵਚਨ ਕਲੀਸੀਆ ਵਿੱਚ ਹੈ, ਇੱਕ ਵਿਅਕਤੀ ਵਿੱਚ।

71 ਪਰਮੇਸ਼ਵਰ ਦਾ ਵਚਨ ਏਲੀਯਾਹ ਵਿੱਚ ਸੀ। ਜਦ ਉਹ ਉੱਥੇ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਵਾਲੀ ਬਾਣੀ ਨਾਲ ਗਿਆ, ਤੇ ਆਖਿਆ, "ਮੀਂਹ ਨਹੀਂ ਪਵੇਗਾ"। ਇਹ ਏਲੀਯਾਹ ਨਹੀਂ ਸੀ; ਇਹ ਏਲੀਯਾਹ ਦੇ ਅੰਦਰ ਪਰਮੇਸ਼ਵਰ ਸੀ।

72 ਮੈਂ ਕਈ ਵਾਰ ਆਖਿਆ ਹੈ, ਮਸੀਹ ਵਿਗਿਆਨ ਦੀ ਔਰਤ ਜਿਹਨੇ ਮੈਨੂੰ ਇਕ ਵਾਰ ਆਖਿਆ ਸੀ। ਮੈਂ ਇਹਦੇ ਬਾਰੇ ਕਈ ਵਾਰ ਦੱਸਿਆ ਹੈ। ਉਹਨੇ ਕਿਹਾ, "ਮਿਸਟਰ ਬ੍ਰਾਨਹਮ, ਤੁਸੀਂ ਯਿਸੂ ਤੇ ਬਹੁਤ ਜਿਆਦਾ ਜੋਰ ਦਿੰਦੇ ਹੋ"।

ਮੈਂ ਕਿਹਾ, "ਮੇਰੀ ਆਸ ਹੈ ਕਿ ਸਿਰਫ਼ ਇੱਕ ਹੀ ਚੀਜ਼ ਹੈ ਜਿਹਦਾ ਮੈਨੂੰ ਜਵਾਬ ਨਹੀਂ ਮਿਲਿਆ"।

ਅਤੇ ਉਸਨੇ ਆਖਿਆ, "ਤੁਸੀਂ ਉਹਨੂੰ ਰੱਬੀ ਬਣਾਉਂਦੇ ਹੋ"।

ਮੈਂ ਕਿਹਾ, "ਉਹ ਰੱਬੀ ਹੀ ਹੈ"।

73 ਆਖਿਆ, "ਔਹ, ਉਹ ਨਬੀ ਸੀ, ਉਹ ਇੱਕ ਚੰਗਾ ਆਦਮੀ ਸੀ, ਪਰ ਉਹ ਰੱਬੀ ਨਹੀਂ ਸੀ"।

74 ਅਤੇ ਮੈਂ ਕਿਹਾ, "ਠੀਕ ਹੈ ਭਾਈ, ਮੈਨੂੰ ਇੱਕ ਵੀ ਲਿਖਤ ਵਿਖਾਉ, ਜਿਹੜੀ ਇਹ ਆਖਦੀ ਹੋਵੇ ਕਿ ਉਹ ਨਹੀਂ ਸੀ"।

75 ਉਹਨੇ ਕਿਹਾ, “ਸੰਤ ਯੂਹੰਨਾ ਦੀ ਪੁਸਤਕ ਵਿੱਚ, ਇਹ ਆਖਿਆ ਗਿਆ ਹੈ ਕਿ ਉਹ ਲਾਜ਼ਰ ਦੀ ਕਬਰ ਤੇ ਗਿਆ ਅਤੇ ਰੋਇਆ”।

76 “ਚੰਗਾ” ਭਾਈ, ਮੈਂ ਕਿਹਾ, “ਯਕੀਨਨ, ਉਹ ਰੋਇਆ”। ਉਹ ਦੋਵੇਂ ਹੀ ਸੀ ਮਨੁੱਖ ਵੀ ਅਤੇ ਰੱਬੀ ਵੀ। ਉਹ ਮਨੁੱਖ ਸੀ ਜਦ ਉਹ ਰੋ ਰਿਹਾ ਸੀ, ਪਰ ਮੁਰਦੇ ਨੂੰ ਜਿੰਦਾ ਕਰਨ ਲਈ ਉਸਨੂੰ ਖੁਦਾ ਹੋਣਾ ਸੀ। ਇਹ ਠੀਕ ਹੈ। ਮੈਂ ਕਿਹਾ, “ਉਹ ਆਦਮੀ ਸੀ, ਜਿਹਨੂੰ ਭੁੱਖ ਲੱਗੀ ਹੋਈ ਸੀ; ਪਰ ਉਹ ਖੁਦਾ ਸੀ ਜੋ ਪੰਜ ਹਜਾਰ ਨੂੰ ਖੁਆ ਰਿਹਾ ਸੀ ਪੰਜ ਰੋਟੀਆਂ ਅਤੇ ਦੋ ਮੱਛੀਆਂ ਦੇ ਨਾਲ”। ਇਹ ਠੀਕ ਹੈ। “ਉਦੋਂ ਉਹ ਆਦਮੀ ਸੀ, ਜਦ ਉਹ ਕਿਸ਼ਤੀ ਵਿੱਚ ਸੁੱਤਾ ਪਿਆ ਸੀ; ਪਰ ਇਹ ਉਹਦੇ ਅੰਦਰ ਖੁਦਾ ਸੀ ਜੋ ਕਿ ਪਾਣੀਆਂ ਨੂੰ ਸ਼ਾਂਤ ਕਰ ਸਕਦਾ ਸੀ”। ਕਿਸ ਲਈ? ਉਹ ਅਤੇ ਉਹਦਾ ਸੰਦੇਸ਼ ਇੱਕ ਸੀ।

77 ਉਹਨੇ ਕਿਹਾ, “ਮੈਂ ਅਤੇ ਮੇਰਾ ਪਿਤਾ ਇਕ ਹਾਂ, ਮੇਰਾ ਪਿਤਾ ਮੇਰੇ ਵਿੱਚ ਵਾਸ ਕਰਦਾ ਹੈ”। ਉਹ ਸ਼ਰੀਰਕ ਤੌਰ ਤੇ ਇਸ਼ਵਰਤਾਈ ਦੀ ਸੰਪੂਰਨਤਾ ਸੀ।

78 ਮੈਂ ਸੋਚਦਾ ਹਾਂ ਇਹ ਬੜੀ ਹੈਰਾਨੀ ਦੀ ਗੱਲ ਹੈ। ਜਦ ਮੈਂ *ਸਤ ਕਲਿਸਿਆਈ ਯੁਗਾਂ* ਨੂੰ ਲਿਆ ਰਿਹਾ ਸੀ। ਸ਼ੁਰੂ ਕਰਨ ਤੋਂ ਪਹਿਲਾਂ, ਮੈਂ ਪਛਾਣ ਨਹੀਂ ਸਕਿਆ ਕਿ ਯਿਸੂ ਉੱਥੇ ਖੜ੍ਹਾ ਸੀ...ਉਸ ਚਿੱਟੇ ਨੂੰ ਆਪਣੇ ਉੱਤੇ ਇਸ ਤਰ੍ਹਾਂ ਪਾ ਕੇ ਅਤੇ ਆਖਿਆ, “ਉਸਦੇ ਵਾਲ ਉਨ ਵਾਂਗ ਚਿੱਟੇ ਸਨ”। ਮੈਂ ਸਮਝ ਨਹੀਂ ਸਕਿਆ ਕਿ ਕਿੰਝ ਇੱਕ ਤੇਈ ਸਾਲ ਦਾ ਆਦਮੀ ਬਰਫ਼ ਵਾਂਗ ਚਿੱਟਾ ਹੋਵੇਗਾ।

79 ਮੈਂ ਇੱਕ ਚੰਗੇ ਰੱਬੀ ਗਿਆਨ ਦੇ ਵਿਦਵਾਨ ਨੂੰ ਟੈਲੀਫ਼ੋਨ ਕੀਤਾ, ਪੈਂਤੀਕਾਸਤਲ ਵਿਦਵਾਨ ਇੱਕ ਚੰਗਾ ਪਿਆਰਾ ਦੋਸਤ। ਠੀਕ ਹੈ ਭਾਈ ਇਹ ਭਾਈ ਜੈਕ ਮੂਰ ਸੀ। ਉਹ ਹੁਸ਼ਿਆਰ ਬੁੱਧੀਮਾਨ ਵਿਅਕਤੀ ਹੈ। ਉਹਨੇ ਕਿਹਾ, “ਭਾਈ ਬ੍ਰਾਨਹਮ, ਇਹ ਯਿਸੂ ਜਲਾਲੀ ਰੂਪ ਵਿੱਚ ਸੀ। ਇਹ ਇਸ ਤਰ੍ਹਾਂ ਹੀ ਲੱਗਦਾ ਸੀ ਕਿ ਇਹ ਜਲਾਲੀ ਰੂਪ ਵਿੱਚ ਸੀ”। ਨਹੀਂ, ਮੈਂ ਇਹਦਾ ਵਿਸ਼ਵਾਸ ਨਹੀਂ ਕਰ ਸਕਿਆ। ਨਹੀਂ।

ਮੈਂ—ਮੈਂ—ਮੈਂ ਕਿਹਾ, “ਠੀਕ ਹੈ, ਭਾਈ ਮੂਰੇ, ਤੇਰਾ ਧੰਨਵਾਦ”।

80 ਮੈਂ ਕਮਰੇ ਵਿੱਚ ਜਾ ਕੇ ਖੁਦ ਨਾਲ ਗੱਲਬਾਤ ਸ਼ੁਰੂ ਕੀਤੀ। ਅਤੇ ਮੈਂ ਉਸਨੂੰ ਦਾਨੀਏਲ ਵੱਲ ਵਾਪਸ ਲੈ ਜਾਣ ਲਈ ਮੇਰੇ ਸੰਬੰਧਿਤ ਮਾਰਗ ਤੇ ਚੱਲਿਆ। ਜਿੱਥੇ ਉਸਨੇ ਕਿਹਾ, “ਉਹ ਅੱਤ ਪ੍ਰਾਚੀਨ ਬਣ ਗਿਆ ਹੈ, ਅਤੇ ਉਹਦੇ ਸਿਰ ਦੇ ਵਾਲ ਉਨ ਵਾਂਗ ਚਿੱਟੇ ਸਨ”। ਮੈਂ ਕਿਹਾ, “ਪ੍ਰਭੂ ਮੈਂ ਨਹੀਂ ਜਾਣਦਾ ਕਿ ਕੀ ਆਖਣਾ ਹੈ। ਮੇਰੇ ਕੋਲ ਜੁੰਮੇਵਾਰੀ ਹੈ”। ਹੁਣ ਇਹ ਤਾਂ ਪਹਿਲਾਂ ਸੀ।। ਯਾਦ ਰਹੇ, ਸਤਾਂ ਮੋਹਰਾਂ ਦੇ ਖੋਲਣ ਤੋਂ ਪਹਿਲਾਂ...ਇਕ ਸਾਲ ਜਾਂ ਵੱਧ ਲੱਗਭਗ, ਪਹਿਲਾਂ। ਮੈਂ ਉੱਥੇ ਪ੍ਰਾਰਥਨਾ ਕਰ ਰਿਹਾ ਸੀ, “ਪ੍ਰਭੂ ਇਹ ਕਿ ਹੈ”।

81 ਅਤੇ ਮੈਂ ਵੇਖਿਆ, ਉਹ ਮੇਰੇ ਸਾਹਮਣੇ ਖੜ੍ਹਾ ਸੀ, ਅਤੇ ਉੱਥੇ ਇੱਕ ਆਦਮੀ ਖੜ੍ਹਾ ਸੀ ਅਤੇ ਉਹ ਇੱਕ ਨਿਆਈ ਸੀ। ਅਤੇ ਉਹਨੇ ਚਿੱਟੇ ਵਾਲਾਂ ਦੀ ਟੋਪੀ ਪਾਈ ਹੋਈ ਸੀ। ਪ੍ਰਾਚੀਨ ਸਮਿਆਂ ਦੇ ਪੁਰਾਣੇ ਨਿਆਈ ਚਿੱਟੀ ਟੋਪੀ ਪਾਉਂਦੇ ਹੁੰਦੇ ਸਨ। ਇਹ ਵਿਖਾਉਣ ਲਈ ਕਿ ਉਹਨਾਂ ਕੋਲ ਸਭ ਤੋਂ ਉੱਚਾ ਇਖਤਿਆਰ ਹੈ।

82 ਅਤੇ ਤਦ ਜਦ ਮੈਂ ਯਿਸੂ ਨੂੰ ਚਿੱਟੇ ਵਾਲਾਂ ਵਾਲੀ ਟੋਪੀ ਪਾਏ ਹੋਏ ਵੇਖਿਆ, ਮੈਂ ਕਿਹਾ ਉਹ ਤਾਂ ਸਾਬਤ ਕਰਦਾ ਹੈ ਉਸ ਸੱਚਾਈ ਨੂੰ ਜਿਹੜੀ ਅਸੀਂ ਜਾਣਦੇ ਹਾਂ, ਕਿ ਉਹ ਸਭ ਤੋਂ ਉੱਚ ਇਖਤਿਆਰ ਹੈ। ਖੁਦਾ ਨੇ ਰੂਪ ਬਦਲ ਜਾਣ ਵਾਲੇ ਪਹਾੜ ਉੱਤੇ ਵੀ ਇਸੇ ਗੱਲ ਦੀ ਗਵਾਹੀ ਦਿੱਤੀ, ਆਖਿਆ, "ਇਹ ਮੇਰਾ ਪਿਆਰਾ ਪੁੱਤਰ ਹੈ, ਉਹਦੀ ਸੁਣੋ, ਸਭ ਤੋਂ ਉੱਚ ਇਖਤਿਆਰ!"

83 ਤਦ ਉੱਥੇ ਪਿਛਾਂਹ ਸਤਾਂ ਮੋਹਰਾਂ ਦੇ ਸ਼ੁਰੂ ਵਿੱਚ, ਜਦ ਉਹ ਸਤ ਫਰਿਸ਼ਤੇ ਉਸ ਮੀਨਾਰ ਦੀ ਸ਼ਕਲ ਵਿੱਚ ਹੇਠਾਂ ਆਏ। ਉੱਥੇ ਖੜ੍ਹੇ ਹੋਏ ਅਤੇ ਮੈਨੂੰ ਵਾਪਿਸ ਜਾਣ ਲਈ ਆਖਿਆ, ਤੇ ਇੱਥੇ ਆ ਕੇ ਸਤਾਂ ਮੋਹਰਾਂ ਤੇ ਬੋਲਾਂ ਤੇ ਉਹ ਮੇਰੇ ਨਾਲ ਹੋਵੇਗਾ। ਉਹਨੇ ਮੈਨੂੰ ਵਿਖਾਇਆ ਕਿ ਉਹ ਕਿ ਸਨ ਗੁਆਚੀਆਂ ਹੋਈਆਂ ਚੀਜ਼ਾਂ। ਮੈਂ ਹਮੇਸ਼ਾ ਸੋਚਿਆ ਕਿ ਇਹ ਪੋਥੀ ਬਾਹਰ ਮੋਹਰਬੰਦ ਹੈ ਅਤੇ ਇਹ ਕੁਝ ਅਜਿਹਾ ਹੈ ਜੋ ਪੋਥੀ ਵਿੱਚ ਲਿਖਿਆ ਹੋਇਆ ਨਹੀਂ ਹੈ...ਪਰ ਇਹ ਤਾਂ ਇਹ ਨਿਕਲਿਆ ਕਿ ਇਹ ਦੱਸਿਆ ਗਿਆ ਸੀ ਕਿ ਉਹ ਇਹ ਨਹੀਂ ਸੀ ਕਰਦਾ। ਇਹ ਉਹ ਨਹੀਂ ਹੈ ਜੋ ਪੋਥੀ ਵਿੱਚ ਲਿਖਿਆ ਹੋਇਆ ਹੈ। ਇਹ ਤਾਂ ਕੁਝ ਅਜਿਹਾ ਹੈ ਜੋ ਪੋਥੀ ਵਿੱਚ ਲੁਕਿਆ ਹੋਇਆ ਹੈ। "ਜਿਹੜਾ ਇਹਦੇ ਵਿੱਚੋਂ ਇੱਕ ਸ਼ਬਦ ਵਧਾਵੇ ਜਾਂ ਇੱਕ ਸ਼ਬਦ ਘਟਾਵੇ..." ਸੋ ਇਹ ਤਾਂ ਇੱਕ ਭੇਦ ਹੈ ਜੋ ਕਿ ਇਹਨਾਂ ਸੱਤ ਕਲਿਸਿਆਈ ਯੁੱਗਾਂ ਵਿੱਚ ਪੋਥੀ ਵਿੱਚ ਰਿਹਾ ਹੈ। ਉਹਨਾਂ ਵਿੱਚੋਂ ਹਰ ਇੱਕ ਨੇ ਇੱਕ ਭੇਤ ਪੇਸ਼ ਕੀਤਾ, ਸਭ ਕੁਝ ਪਾਣੀ ਦੇ ਬਪਤੀਸਮੇ ਦੇ ਬਾਰੇ ਅਤੇ ਇਹ ਦੂਸਰੀਆਂ ਚੀਜ਼ਾਂ ਇਹਨਾਂ ਦੇ ਬਾਰੇ ਵਿੱਚ। ਉਹ ਬਹੁਤ ਚਿਰ ਤੱਕ ਟੱਕਰਾਂ ਮਾਰਦੇ ਰਹੇ ਹਨ।

84 ਤਦ ਤੱਕ ਉਹ ਉਤਾਂਹ ਗਿਆ, ਵੱਡੇ ਨਿਰੀਖਣਕਾਰੀ ਕੈਲੀਫੋਰਨੀਆ ਵਿੱਚ, ਮੈਕਸੀਕੋ ਵਿੱਚ, ਟੁਸਾਨ ਵਿੱਚ, ਹਰ ਜਗ੍ਹਾ, ਇਹਦੀਆਂ ਤਸਵੀਰਾਂ ਲੈ ਰਹੇ ਸਨ। ਇਹ ਭੇਤ ਭਰਿਆ ਨਜਾਰਾ ਸੀ। ਭਾਈ ਫਰੇਡ ਸੋਥ ਮੈਨ ਉੱਥੇ, ਉੱਥੇ ਠੀਕ ਪਿੱਛੇ ਬੈਠੇ ਹੋਏ ਸਨ। ਅਤੇ ਮੈਂ ਅਤੇ ਭਾਈ ਜੀਨ ਨੋਰਮਨ ਉੱਥੇ ਠੀਕ ਖੜ੍ਹੇ ਸਨ, ਮੋਜੂਦ ਸਨ ਜਦ ਇਹ ਉਤਾਂਹ ਗਿਆ। ਉਹਨਾਂ ਨੇ ਇਹਦੀ ਤਸਵੀਰ ਲਈ, ਅਜੇ ਵੀ ਉਹ ਨਹੀਂ ਜਾਣਦੇ ਸਨ ਕਿ ਉਹ ਕਿ ਸੀ। ਇੱਥੇ ਕੁਝ ਸਮਾਂ

ਪਹਿਲਾਂ ਹਰੇਕ ਆਖ ਰਿਹਾ ਸੀ, "ਇੱਥੇ ਵੇਖੋ। ਇਹ *ਇਦਾਂ* ਜਾਪਦਾ ਹੈ ਅਤੇ ਉਹਨਾਂ ਫ਼ਰਿਸ਼ਤਿਆਂ ਦੇ ਪਰ, ਕਿੰਝ ਉਸ ਵਿੱਚ ਮੋੜੇ ਗਏ ਹਨ"।

85 ਇੱਕ ਦਿਨ ਇਹ ਨੂੰ ਸੱਜੇ ਨੂੰ ਘੁਮਾਉਂਦੇ ਹੋਏ ਵੇਖਿਆ, ਉੱਥੇ ਯਿਸੂ ਮਸੀਹ ਸੀ, ਉਦਾਂ ਹੀ ਸੰਪੂਰਨ ਜਿਦਾਂ ਕਿ ਹੋਫਮੈਨ ਨੇ ਇਹਨੂੰ ਕਦੇ ਉਲੀਕਿਆ ਸੀ। ਇਹ ਉੱਥੇ ਖੜ੍ਹਾ ਚਿੱਟੇ ਵਾਲਾਂ ਵਾਲੀ ਟੋਪੀ ਪਾ ਕੇ ਹੇਠਾਂ ਧਰਤੀ ਵੱਲ ਵੇਖ ਰਿਹਾ ਸੀ। ਵਿਖਾ ਰਿਹਾ ਸੀ ਕਿ ਉਹ ਸਭ ਤੋਂ ਉੱਚਾ ਇਖਤਿਆਰ ਹੈ। ਅਕਾਸ਼ਾਂ ਨੇ ਇਹਨੂੰ ਘੋਸ਼ਿਤ ਕੀਤਾ ਹੈ ਬਾਈਬਲ ਨੇ ਘੋਸ਼ਿਤ ਕੀਤਾ ਹੈ, ਸੰਦੇਸ਼ ਨੂੰ ਇਹ ਨੇ ਘੋਸ਼ਿਤ ਕੀਤਾ ਹੈ, ਇਹ ਤਾਂ ਇੱਕੋ ਜਿਹਾ ਹੈ। ਸਭ ਤੋਂ ਉੱਚਾ ਇਖਤਿਆਰ ਚਿੱਟੇ ਵਾਲਾਂ ਦੀ ਟੋਪੀ ਪਾਏ ਹੋਏ; ਤੁਸੀਂ ਉਸਦੀ ਕਾਲੀ ਦਾੜੀ ਨੂੰ ਹੇਠਾਂ ਵੇਖਦੇ ਹੋ। ਤੁਹਾਡੇ ਵਿੱਚੋਂ ਬਹੁਤ ਸਾਰਿਆਂ ਨੇ ਤਸਵੀਰ ਵੀ ਵੇਖੀ ਹੈ। ਸਾਡੇ ਕੋਲ ਇਹ ਇੱਥੇ ਪਿੱਛੇ ਹੈ। ਸੱਜੇ ਪਾਸੇ ਨੂੰ ਇਹਨੂੰ ਘੁਮਾਓ, ਇਹਦੀ ਵੱਲ ਵੇਖੋ। ਉੱਥੇ ਉਹ ਹੈ, ਉਨਾ ਹੀ ਸੰਪੂਰਨ ਜਿਨਾਂ ਇਹ ਹੈ ਸੀ। ਜੇ ਇਹ ਉਹਦੀ ਤਸਵੀਰ ਲਾਈ ਗਈ ਸੀ। ਉਹ ਇਹਨੂੰ ਗਲਤ ਪਾਸਿਓ ਵੇਖ ਰਹੇ ਸਨ। ਤੁਹਾਨੂੰ ਤਾਂ ਇਸ ਨੂੰ ਸੱਜੇ ਪਾਸਿਓ ਵੇਖਣਾ ਹੈ। ਅਤੇ ਸਿਰਫ਼ ਖੁਦਾਵੰਦ ਖੁਦਾ ਹੀ ਪ੍ਰਗਟ ਕਰ ਸਕਦਾ ਹੈ ਕਿ ਠੀਕ ਕੋਣ ਕਿਹੜਾ ਹੈ। ਇਹਨੂੰ ਆਪਣੇ ਸੱਜੇ ਪਾਸੇ ਨੂੰ ਮੋੜੋ ਤੇ ਇਹਦੀ ਵੱਲ ਵੇਖੋ। ਉੱਥੇ ਉਹ ਹੈ ਉਨਾਂ ਹੀ ਸੰਪੂਰਨ ਜਿਵੇਂ ਕਿ ਉੱਥੇ ਉਹਦੀ ਹੀ ਤਸਵੀਰ ਲਾਈ ਗਈ ਹੋਵੇ।

86 ਜਦ ਪਹਿਲੀ ਵਾਰ ਮੈਂ ਉਹਨੂੰ ਕਦੇ ਵੇਖਿਆ ਉਹ ਹੋਫਮੈਨ ਦੇ *ਸਿਰ*…ਵਾਂਗ ਦਿਖਾਈ ਦਿੱਤਾ। ਮੈਂ ਇਹਨੂੰ ਪਹਿਲਾਂ ਕਦੇ ਵੀ ਨਹੀਂ ਸੀ ਵੇਖਿਆ। ਅਤੇ ਬਿਲੀ ਐਤਵਾਰ ਦੇ ਗਿਰਜੇ ਬਾਅਦ ਕਈ ਸਾਲ ਬਾਅਦ ਮੈਂ ਇਹਨੂੰ ਵੇਖਿਆ। ਮੇਰਾ ਘਰ ਉਸ ਸਮੇਂ ਤੋਂ ਲੈ ਕੇ ਇਸ ਤਸਵੀਰ ਤੋਂ ਬਿਨਾਂ ਨਹੀਂ ਰਿਹਾ।

87 ਤਦ, ਇੱਥੇ ਅਕਾਸ਼ਾਂ ਵਿੱਚ ਆਖਦੇ ਹੋਏ ਕਿ ਉਹੋ ਹੀ ਖੁਦ ਜਿਹੜਾ ਕਿ ਮੈਂ ਦਰਸ਼ਨ ਵਿੱਚ ਇੱਥੇ ਦੇਖਿਆ ਸੀ। ਬਸ ਇੱਕ ਛੋਟਾ ਜਿਹਾ ਮੁੰਡਾ ਬਾਹਰ ਇੱਥੇ ਜਿੱਥੇ ਕਿ ਇਹ ਸਕੂਲ ਹੈ। ਉਹ ਇਸ ਤਰ੍ਹਾਂ ਦਾ ਜਾਪਦਾ ਸੀ। ਅਤੇ ਇੱਥੇ ਅਕਾਸ਼ ਵਿੱਚ ਤੇਈ ਸਾਲ ਤੋਂ ਬਾਅਦ ਇਹਨੂੰ ਘੋਸ਼ਿਤ ਕੀਤਾ ਕਿ ਇਹ ਸੱਚਾਈ ਹੈ। ਉਹ ਕਿਸ ਤਰ੍ਹਾਂ ਨਾਲ ਵਿਖਾਈ ਦਿੰਦਾ ਹੈ, ਕੋਈ ਅਣਡਿੱਠ ਨਹੀਂ, ਜਾਣ ਕਿਸੇ ਦਾ ਕੋਈ ਵਿਚਾਰ ਨਹੀਂ।

88 ਜਿਵੇਂ ਕਿ ਵੈਟਿਕਨ ਵਿੱਚ ਉਹਨਾਂ ਨੇ ਉੱਥੇ ਮਸੀਹ ਨੂੰ ਉਲੀਕਿਆ ਹੈ। ਥੋੜ੍ਹੀ ਜਿਹੀ ਚਿੱਟੀ ਗੋਲ ਦਾੜ੍ਹੀ, ਉਹਦੀ ਠੋਡੀ ਦੇ ਦੁਆਲੇ ਦਾੜ੍ਹੀ ਦਾ ਗੋਲ ਚੱਕਰ, ਲੱਗਭਗ ਅੱਧਾ ਇੰਚ ਲੰਮਾ ਉਹਦੇ ਚੇਹਰੇ ਦੇ ਉੱਤੇ ਤੱਕ ਜਾਂਦਾ ਹੈ ਅਤੇ *ਇਸ* ਤਰ੍ਹਾਂ ਤੇ ਇਹਨੂੰ ਉਹ ਮਸੀਹ ਆਖਦੇ ਹਨ।

89 ਇਹ ਚੀਜ ਮੈਨੂੰ ਉਸ ਇੱਕ ਯੂਨਾਨੀ ਚਿਤਕਾਰ ਦੇ ਮੰਨ ਵਿੱਚ ਪਾਉਂਦੀ ਹੈ ਜਿਹੜੀ ਕਿ ਮੈਂ ਇੱਕ ਪ੍ਰਾਚੀਨ ਗਿਰਜੇ ਵਿੱਚ ਵੇਖੀ। ਵਿਖਾ ਰਿਹਾ ਸੀ ਕਿ ਆਦਮ ਅਤੇ ਹਵਾਹ ਕਿੰਝ ਜਾਪਦੇ ਹਨ। ਉਹ ਜਾਨਵਰ ਜਾਣ ਕੁਝ ਇਦਾਂ ਹੀ ਜਾਪਦੇ ਹਨ। ਇਹੋ ਹੀ ਸ਼ਰੀਰਕ ਮਨ ਇੱਕ ਆਤਮਿਕ ਬਾਰੇ ਜਾਣ ਸਕਦਾ ਹੈ। ਮੈਂ ਸੋਚਦਾ ਹਾਂ ਕਿ ਆਦਮ ਸਭ ਤੋਂ ਵਧੇਰੇ ਸੁੰਦਰ ਮਨੁੱਖ ਸੀ ਜੋ ਕਦੇ ਰਿਹਾ ਹੋਵੇ ਅਤੇ ਹਵਾਹ ਹਰ ਤਰ੍ਹਾਂ ਨਾਲ ਸੰਪੂਰਨ ਇਸਤ੍ਰੀ ਸੀ।

90 ਹੁਣ ਸ਼ਰੀਰਕ ਮਨ ਤਾਂ ਆਪਣੇ ਹੀ ਵਿਚਾਰਾਂ ਨਾਲ ਚੀਜ ਨੂੰ ਕੱਜਦਾ ਹੈ, ਤਦ ਖੁਦਾ ਹੇਠਾਂ ਘੱਲਦਾ ਹੈ ਅਤੇ ਆਪਣੀ ਸ਼ਕਤੀ ਦੇ ਨਾਲ ਚੀਜ਼ ਨੂੰ ਪ੍ਰਗਟ ਕਰਦਾ ਹੈ। ਬਿਲਕੁਲ ਠੀਕ ਜੋ ਕੁਝ ਆਹਾਬ ਦੇ ਦਿਨੀਂ ਹੋਇਆ ਸੀ।

91 ਹੁਣ, ਅਸੀਂ ਪਤਾ ਲਾਉਂਦੇ ਹਾਂ ਕਿ ਏਲੀਯਾਹ, ਉਹ ਅੱਖ ਸਕਦਾ ਸੀ ਕਿਉਂਕਿ ਸਮੇਂ ਦਾ ਸੰਦੇਸ਼ ਅਤੇ ਪਰਮੇਸ਼ਵਰ ਦਾ ਵਚਨ...ਸੰਦੇਸ਼ਵਾਹਕ ਅਤੇ ਸੰਦੇਸ਼, ਸੰਦੇਸ਼ ਅਤੇ ਵਚਨ, ਬਿਲਕੁਲ ਠੀਕ ਇੱਕੋ ਹੀ ਚੀਜ ਹਨ। ਨਬੀ, ਸੰਦੇਸ਼, ਸੰਦੇਸ਼ ਸੰਦੇਸ਼ਵਾਹਕ ਅਤੇ ਸੰਦੇਸ਼ ਇੱਕੋ ਹੀ ਚੀਜ ਹਨ। ਯਿਸੂ ਨੇ ਕਿਹਾ, "ਜੇ ਮੈਂ ਉਹ ਕੰਮ ਨਹੀਂ ਕਰਦਾ, ਜੋ ਮੇਰੇ ਬਾਰੇ ਵਿੱਚ ਲਿਖੇ ਹੋਏ ਹਨ, ਤਦ ਮੇਰਾ ਵਿਸ਼ਵਾਸ ਨ ਕਰੋ"। ਇਹ ਵਧੀਆ ਹੈ। ਕੋਈ ਵੀ ਆਦਮੀ ਅਤੇ ਉਹਦਾ ਸੰਦੇਸ਼ ਇੱਕ ਹੈ।

92 ਇਸੇ ਲਈ ਅੱਜ ਉਹ ਪਰਮੇਸ਼ਵਰ ਦੇ ਕੰਮ ਕਰਨ ਵਿੱਚ ਵਿਸ਼ਵਾਸ ਨਹੀਂ ਕਰਦੇ, ਕਿਉਂਕਿ ਉਹ ਪਰਮੇਸ਼ਵਰ ਦਾ ਸੰਦੇਸ਼ ਕਬੂਲ ਨਹੀਂ ਕਰਦੇ। ਉਹ ਸੰਦੇਸ਼ ਨੂੰ ਨਹੀਂ ਮੰਨਦੇ।

93 ਪਰ ਉਹ ਜੋ ਪਰਮੇਸ਼ਵਰ ਦੀ ਘੜੀ ਦਾ ਵਿਸ਼ਵਾਸ ਕਰਦੇ ਹਨ ਜਿਹਦੇ ਵਿੱਚ ਅਸੀਂ ਰਹਿ ਰਹੇ ਹਾਂ, ਇਹ ਚੀਜਾਂ ਗੁਪਤ ਭੋਜਨ ਹਨ। ਜਰਾ ਸੋਚੋ, ਪਰਮੇਸ਼ਵਰ ਨੇ ਇਹਨੂੰ ਇੰਨਾਂ ਲੁਕਾ ਦਿੱਤਾ ਹੈ ਕਿ ਉਹ ਠੀਕ ਇਹਦੀ ਵੱਲ ਵੇਖਦੇ ਹਨ ਅਤੇ ਇਹਨੂੰ ਨਹੀਂ ਵੇਖਦੇ। ਇਸੇ ਹੀ ਢੰਗ ਨਾਲ ਏਲੀਯਾਹ ਨੇ ਸੀਰੀਆ ਦੀ ਫੋਜ ਨੂੰ ਅੰਨਿਆ ਕਰ ਦਿੱਤਾ ਸੀ। ਇਸੇ ਤਰ੍ਹਾਂ ਹੀ ਖੁਦ ਬੇਪਰਤੀਤੇ ਨੂੰ ਬੱਚੇ ਦੀ ਸੱਚੀ ਅਤੇ ਖਰੀ ਰੋਟੀ ਤੋਂ ਅੰਨਿਆਂ ਕਰ ਦਿੰਦਾ ਹੈ, ਨਿਹਚਾਵਾਨ।

94 ਉਹਨਾਂ ਨੂੰਹ ਨੂੰ ਕੀ ਆਖਿਆ, "ਇੱਕ ਕੱਟੜਵਾਦੀ" ਕਿਸ਼ਤੀ ਨੂੰ ਬਣਾ ਰਿਹਾ ਸੀ। ਉਹਦੀਆਂ ਅੱਖਾਂ ਪਰਮੇਸ਼ਵਰ ਦੇ ਵਚਨ ਅਤੇ ਵਾਦਿਆਂ ਦੇ ਲਈ ਖੁੱਲੀਆਂ ਹੋਈਆਂ ਸਨ। ਇਹੋ ਹੀ ਚੀਜ ਜਿਹਨੂੰ ਕਿ ਉਹਨਾਂ ਨੇ ਕੱਟੜਵਾਦ ਆਖਿਆ। ਉਸਨੇ ਨੂੰਹ ਅਤੇ ਉਹਦੇ ਪਰਿਵਾਰ ਨੂੰ ਬਚਾ ਲਿਆ। ਸਮਝੇ, ਉਹੋ ਹੀ ਚੀਜ। ਜਿਹੜੀ ਚੀਜ਼ ਤੇ ਲੋਕ ਹੱਸਦੇ ਹਨ, ਉਸੇ ਚੀਜ ਲਈ ਅਸੀਂ ਪ੍ਰਾਰਥਨਾ ਕਰਦੇ ਹਾਂ। ਜਿਸ ਚੀਜ ਨੂੰ ਲੋਕ "ਪਾਗਲ" ਆਖਦੇ ਹਨ, ਅਸੀਂ ਉਸ ਚੀਜ

ਨੂੰ “ਮਹਾਨ” ਆਖਦੇ ਹਾਂ। ਜਿਹਨੂੰ ਸੰਸਾਰ “ਮਹਾਨ” ਆਖਦਾ ਹੈ, ਉਸਨੂੰ ਖੁਦਾ “ਮੂਰਖ” ਆਖਦਾ ਹੈ। ਜਿਹਨੂੰ ਸੰਸਾਰ “ਮੂਰਖ” ਆਖਦਾ ਹੈ ਉਸਨੂੰ ਖੁਦਾ “ਮਹਾਨ” ਆਖਦਾ ਹੈ। ਇਹ ਤਾਂ ਬਿਲਕੁਲ ਠੀਕ ਚੰਗੇ ਅਤੇ ਮਾੜੇ ਵਿੱਚ ਮੁਕਾਬਲਾ ਹੈ। ਯਿਸੂ ਮਸੀਹ ਅੱਜ ਕਲ ਅਤੇ ਯੁਗੋਯੁੱਗ ਇੱਕੋ ਜਿਹਾ ਹੈ।

95 ਯਾਦ ਰਹੇ, ਉਹ ਆਪਣੇ ਗੁਪਤ ਸਥਾਨ ਵਿੱਚ ਪਰਮੇਸ਼ਵਰ ਦੀ ਯੋਜਨਾ ਦੇ ਨਾਲ ਪਰਮੇਸ਼ਵਰ ਦੇ ਸੱਦੇ ਦੇ ਨਾਲ ਅਤੇ ਪਰਮੇਸ਼ਵਰ ਦੇ ਵਚਨ ਦੇ ਨਾਲ ਗਿਆ। ਏਲੀਯਾਹ ਆਪਣੇ ਗੁਪਤ ਸਥਾਨ ਵਿੱਚ ਪਰਮੇਸ਼ਵਰ ਦੇ ਅਗੰਮ ਗਿਆਨ ਨਾਲ ਦਾਖਲ ਹੋਇਆ। ਅਤੇ ਉਹਦੇ ਜੀਵਨ ਵਿੱਚ ਸੱਦਾ ਵਚਨ ਦੇ ਅਨੁਸਾਰ। ਜੇ ਇਸੇ ਹੀ ਤਰ੍ਹਾਂ ਅਸੀਂ ਵੀ ਦਾਖਲ ਹੋਏ, ਮੈਂ ਨਹੀਂ ਜਾਣਦਾ ਹਾਂ ਕਿ ਅਸੀਂ ਉੱਥੇ ਕਿਉਂ ਗਏ।

96 ਅਤੇ ਧਿਆਨ ਦਿਓ, ਸੋਕੇ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ, ਏਲੀਯਾਹ ਆਪਣੇ ਜਿਊਣ ਦੇ ਲਈ ਉਹ ਇਸ ਗੁਪਤ ਸਥਾਨ ਵਿੱਚ ਦਾਖਲ ਹੋਇਆ। ਬਿਲਕੁਲ ਉਹੋ ਹੀ ਨਮੂਨਾ। ਧਰਤੀ ਉੱਤੇ ਨਿਆਂ ਭੜਕਣ ਤੋਂ ਪਹਿਲਾਂ, ਕਲੀਸੀਆ ਪਹਿਲਾਂ ਹੀ ਬਾਹਰ ਬੁਲਾਈ ਗਈ ਹੈ। ਲਾੜੀ ਪਹਿਲਾਂ ਹੀ ਚੁਣੀ ਹੋਈ ਹੈ, ਬਸ ਉਡੀਕ ਰਹੀ ਹੈ ਨਿਆਂ ਦੇ ਭੜਕਣ ਤੋਂ ਪਹਿਲਾਂ। ਪਹਿਲਾਂ ਹੀ ਉਡੀਕ ਕਰ ਰਹੀ ਹੈ। ਪਰਮੇਸ਼ਵਰ ਦਾ ਭੋਜਨ ਖਾ ਰਹੀ ਹੈ। ਪਰਮੇਸ਼ਵਰ ਦੀਆਂ ਬਰਕਤਾਂ ਦਾ ਆਨੰਦ ਮਾਣ ਰਹੀ ਹੈ। ਕੋਈ ਵੀ ਆਦਮੀ ਆਪਣੇ ਠੀਕ ਮਨ ਦੇ ਵਿੱਚ ਹੁੰਦੇ ਹੋਏ ਜਾਣਦਾ ਹੈ ਕਿ ਅਸੀਂ ਸਿੱਧੇ ਜਾ ਰਹੇ ਹਾਂ, ਅਸੀਂ ਠੀਕ ਨਿਆਂ ਦੀ ਘੜੀ ਵਿੱਚ ਹਾਂ।

97 ਵੇਖੋ! ਭਾਈ ਬੈਂਕਸ, ਤੁਹਾਡੇ ਵਿੱਚੋਂ ਬਹੁਤ ਸਾਰੇ ਜਿਹੜੇ ਅੱਜ ਰਾਤ ਇੱਥੇ ਹਨ ਅਤੇ ਉਸ ਸਵੇਰ ਉਸ ਪਹਾੜ ਉੱਤੇ ਖੜੇ ਹਨ।

98 ਅਤੇ ਮੈਂ ਅਗਲੇ ਐਤਵਾਰ ਦੀ ਸਵੇਰ ਨੂੰ ਉਸ ਪਹਾੜ ਦੇ ਬਾਰੇ ਵਿੱਚ ਬੋਲਣ ਚਾਹੁੰਦਾ ਹਾਂ ਜੇ ਖੁਦਾ ਨੇ ਚਾਹਿਆ ਤਾਂ। ਇੱਕ ਮਹਾਨ ਪ੍ਰਕਾਸ਼ ਮਿਲਿਆ ਹੈ, ਕੁਝ ਅਗਾਂਹ ਜੋ ਕਿ ਮੈਂ ਉਹਨੂੰ ਦੱਸੇ ਬਿਨਾਂ ਨਹੀਂ ਰਹਿ ਸਕਦਾ ਹਾਂ। ਪਰ ਮੇਰੇ ਕੋਲ ਹੈ…ਸਮਝੇ? ਅਤੇ ਇਹ ਲਗਾਤਾਰ ਹਰ ਸਮੇਂ ਇਕਕ ਚੀਜ ਦੂਜੀ ਦੇ ਬਾਅਦ ਵਾਪਰ ਰਹੀ ਹੈ। ਸਮਝੇ? ਇਹ ਕਦੇ ਵੀ ਵਾਪਰਨ ਤੋਂ ਨਹੀਂ ਰੁਕੇਗੀ, ਕਿਉਂਕਿ ਇਹ ਤਾਂ **ਯਹੋਵਾਹ ਇੰਞ ਫ਼ਰਮਾਉਂਦਾ ਹੈ** ਵਾਲੀ ਬਾਣੀ ਹੈ।

99 ਤੁਹਾਡੇ ਵਿੱਚੋਂ ਹਰੇਕ ਇੱਥੇ ਹਜਾਰਾਂ ਹੀ ਵਾਰੀ ਇੱਥੇ ਟੇਪ ਤੇ ਇੱਥੇ ਖੜ੍ਹੇ ਹੋ ਕੇ ਆਖਦੇ ਸੁਣਿਆ ਹੈ, “**ਯਹੋਵਾਹ ਇੰਞ ਫ਼ਰਮਾਉਂਦਾ ਹੈ**, ਕਿ *ਇਹ* ਅਤੇ *ਇਹ* ਹੋਵੇਗਾ”। ਅਤੇ ਇੱਥੋਂ ਤੱਕ ਕਿ ਅਖਬਾਰਾਂ ਅਤੇ ਰੁਮਲਿਆਂ ਨੇ ਵੀ ਇਹੀ ਘੋਸ਼ਣਾ ਕੀਤੀ ਕਿ ਇਹ ਇੰਞ ਹੀ ਹੋਵੇਗਾ। ਉਹ ਨਹੀਂ ਜਾਣਦੇ ਕਿ ਇਹ ਸਭ

ਕੀ ਹੈ। ਪਰ ਉਹਨਾਂ ਨੇ ਇਹ ਵੇਖਿਆ। ਉਹ ਨਹੀਂ ਜਾਣਦੇ ਕਿ ਇਹ ਕੀ ਹੈ, ਪਰ ਉਹਨਾਂ ਨੇ ਵਚਨ ਨੂੰ ਠੀਕ ਸੱਚ ਹੁੰਦੇ ਹੋਏ ਵੇਖਿਆ।

100 ਅਸੀਂ ਹੇਠਾਂ ਇੱਥੇ ਦਰਿਆ ਤੇ ਖੜ੍ਹੇ ਸਾਂ। ਉਸ ਦਿਨ ਉਹ ਪਰਮੇਸ਼ਵਰ ਦਾ ਫ਼ਰਿਸ਼ਤਾ ਹੇਠਾਂ ਆਇਆ, 33 ਸਾਲ ਜਾਂ 1933 ਇਹ ਸੀ, ਹੇਠਾਂ ਆਇਆ ਅਤੇ ਉਹਨਾਂ ਚੀਜ਼ਾਂ ਬਾਰੇ ਬੋਲਿਆ ਜਿਹੜੀਆਂ ਉਹਨੇ ਕੀਤੀਆਂ। ਬਾਹਰ ਗਏ ਅਤੇ ਉੱਥੇ ਬਹੁਤ ਸਾਰੇ ਲੋਕ ਖੜ੍ਹੇ ਸਨ। ਆਖਿਆ, "ਬਿਲੀ, ਇਹਦਾ ਕੀ ਅਰਥ ਹੈ?"

101 ਤਦ ਮੈਂ ਕਿਹਾ, "ਇਹ ਤੁਹਾਡੇ ਲਈ ਸੀ, ਇਹ ਮੇਰੇ ਲਈ ਨਹੀਂ ਹੈ। ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਨਹੀਂ;" ਅਤੇ ਬਦ ਚੱਲਦਾ ਗਿਆ।

102 ਤਦ ਪਾਸਟਰ ਨੇ ਮੈਨੂੰ ਆਖਿਆ, ਉਹਨੇ ਕਿਹਾ, "ਤੇਰਾ ਮਤਲਬ ਹੈ ਕਿ ਤੂੰ ਸੱਤਵੀਂ ਜਮਾਤ ਦੀ ਪੜ੍ਹਾਈ ਨਾਲ, ਸਾਰੇ ਸੰਸਾਰ ਭਰ ਵਿੱਚ ਜਾਵੇਂਗਾ, ਤੇ ਸਮਰੱਥ, ਸ਼ਾਸਕਾਂ ਅਤੇ ਰਾਜਿਆਂ ਅਤੇ ਬਾਕੀਆਂ ਲਈ ਪ੍ਰਾਰਥਨਾ ਕਰੇਂਗਾ? ਅਤੇ, ਔਹ," ਕਿਹਾ, "ਇਹਨੂੰ ਭੁੱਲ ਜਾ!"

103 ਮੈਂ ਇਹਨੂੰ ਭੁੱਲ ਨਹੀਂ ਸਕਿਆ, ਇਹ ਮੇਰੇ ਹਿਰਦੇ ਉੱਤੇ ਉਲੀਕਿਆ ਹੋਇਆ ਹੈ, ਹੁਣ ਇੱਥੇ, ਤੇਤੀ ਸਾਲ ਬਾਅਦ ਹਰੇਕ ਚੀਜ ਜਿਹੜੀ ਉਹਨੇ ਆਖੀ ਸੀ ਉਹ ਵਾਪਰੀ ਹੈ ਸੰਪੂਰਨ ਤੌਰ ਤੇ ਜਿਸ ਢੰਗ ਨਾਲ ਉਹਨੇ ਆਖਿਆ ਸੀ ਕਿ ਉਹ ਇਹਨੂੰ ਕਰੇਗਾ। ਉਹ ਪਰਮੇਸ਼ਵਰ ਹੈ ਤੇ ਉਹ ਕਦੇ ਫੇਲ ਨਹੀਂ ਹੋ ਸਕਦਾ। ਉਹ ਹਮੇਸ਼ਾ ਹੀ ਆਪਣੇ ਵਚਨ ਦੀ ਪਾਲਣਾ ਕਰਦਾ ਹੈ। ਉਹ… ਇਹਦੇ ਉੱਤੇ ਕਦੇ ਵੀ ਸ਼ੱਕ ਨ ਕਰੋ।

104 ਹੁਣ, ਧਿਆਨ ਦਿਓ ਉਹ ਪਰਮੇਸ਼ਵਰ ਦੀ ਯੋਜਨਾ ਦੇ ਦੁਆਰਾ ਅੰਦਰ ਗਿਆ। (ਅਗੰਮ ਗਿਆਨ) ਪਰਮੇਸ਼ਵਰ ਦਾ ਸੱਦਾ ਅਤੇ ਪਰਮੇਸ਼ਵਰ ਦਾ ਵਚਨ, ਤੇ ਸੋਕ ਪੈਣ ਤੋਂ ਪਹਿਲਾਂ ਹੀ ਅੰਦਰ ਗਿਆ।

ਹੁਣ, ਅਸੀਂ ਜਾਣਦੇ ਹਾਂ ਕਿ ਨਿਆਂ ਭੜਕਣ ਹੀ ਵਾਲਾਂ ਹੈ।

105 ਉਸ ਦਿਨ ਪਹਾੜ ਉੱਤੇ ਖੜ੍ਹੇ ਹੋਏ, ਭਾਈ ਬੈਂਕਸ ਵੁਡ ਇੱਥੇ ਖੜ੍ਹੇ ਸਨ, ਅਤੇ ਅਸੀਂ ਪਹਾੜ ਉੱਤੇ ਚੜ੍ਹ ਰਹੇ ਸਾਂ। ਹੋ ਸਕਦਾ ਹੈ ਕਿ ਮੈਂ ਇਹਦਾ ਹਵਾਲਾ ਫੇਰ ਦੁਬਾਰਾ ਲਵਾਂ ਤਾਂ ਕਿ ਇਸ ਪ੍ਰਾਰਥਨਾ ਪੰਗਤ ਦੇ ਲਈ ਤੁਹਾਡੇ ਵਿਸ਼ਵਾਸ ਨੂੰ ਬਣਾਵਾਂ ਜਿਹੜੀ ਕਿ ਅਗਲੇ ਦੱਸ ਜਾਣ ਪੰਦਰਾਂ ਮਿੰਟਾਂ ਤੱਕ ਹੋਣ ਵਾਲੀ ਹੈ। ਤੇ ਮੈਂ ਭਾਈ ਬੈਂਕਸ ਦੇ ਅੱਗੇ ਚੱਲ ਰਿਹਾ ਸਾਂ। ਉਹ ਸੀ…ਮੈਂ ਸੋਚਦਾ ਹਾਂ ਕਿ ਉਹਨੇ ਭੈਣ ਰੂਬੀ ਨੂੰ ਛੱਡ ਦਿੱਤਾ ਸੀ, ਜਦ ਉਹ ਬੀਮਾਰ ਸੀ। ਅਤੇ ਉਹ ਮੇਰੇ ਪਿੱਛੇ ਆ ਰਿਹਾ ਸੀ। ਮੈਂ ਧਿਆਨ ਦਿੱਤਾ ਕਿ ਉਹਦਾ ਚਿਹਰਾ ਲਾਲ ਸੀ। ਮੈਂ ਪਿਛਾਂਹ ਵੇਖਿਆ, ਮੈਂ ਸੋਚਿਆ ਕਿ ਪਹਾੜ ਸ਼ਾਇਦ ਉਹਦੇ ਲਈ ਉਤਾਂਹ

ਚੜ੍ਹਨ ਲਈ ਔਖਾ ਜਾਪਦਾ ਹੈ। ਸੋ ਮੈਂ ਇੱਕ ਤਰ੍ਹਾਂ ਹੋਲੀ ਹੋ ਗਿਆ। ਠੀਕ ਉਹਨਾਂ ਰੇਗਿਸਤਾਨਾਂ ਵਿੱਚ ਇਦਾਂ ਠੀਕ ਪਹਾੜਾਂ ਦੇ ਵਿੱਚ ਠੀਕ ਉੱਥੇ ਜਿੱਥੇ ਪ੍ਰਭੂ ਦੇ ਫਰਿਸ਼ਤੇ ਦਿਖਾਈ ਦਿੱਤੇ ਸਨ। ਅਸੀਂ ਤਦ ਉਸ ਦਿਸ਼ਾ ਵੱਲ ਜਾ ਰਹੇ ਸਾਂ ਜਿੱਥੇ ਕਿ ਉਹ ਕੁਝ ਮਹੀਨੇ ਪਹਿਲਾਂ ਵਿਖਾਈ ਦਿੱਤੇ ਸਨ।

106 ਜਿਵੇਂ ਹੀ ਮੈਂ ਪਹਾੜ ਵੱਲ ਨੂੰ ਉਤਾਂਹ ਗਿਆ, ਪਰਮੇਸ਼ਵਰ ਦਾ ਆਤਮਾ… ਅਤੇ ਜਦ ਮੈਂ ਪਹਾੜ ਦੀ ਚੋਟੀ ਤੇ ਵੇਖਿਆ, ਉਹਨੇ ਕਿਹਾ, "ਉਸ ਪੱਥਰ ਨੂੰ ਚੁੱਕ ਲੈ ਅਤੇ ਆਖ, '**ਯਹੋਵਾਹ ਇੰਝ ਫ਼ਰਮਾਉਂਦਾ ਹੈ**, ਤੂੰ ਅਗਲੇ ਕੁਝ ਘੰਟਿਆਂ ਵਿੱਚ ਖੁਦਾ ਦੇ ਜਲਾਲ ਨੂੰ ਵੇਖੇਂਗਾ'"।

107 ਮੈਂ ਬਸ ਉਸ ਪੱਥਰ ਨੂੰ ਚੁੱਕ ਲਿਆ, ਅਤੇ ਕਿਹਾ, "ਭਾਈ ਬੈਂਕਸ, ਮੈਂ ਨਹੀਂ ਜਾਣਦਾ ਕਿ ਕਿਉਂ," ਇਹਨੂੰ ਉਤਾਂਹ ਹਵਾਹ ਵਿੱਚ ਸੁੱਟਿਆ, ਅਤੇ ਮੈਂ ਆਖਿਆ, "**ਯਹੋਵਾਹ ਇੰਝ ਫ਼ਰਮਾਉਂਦਾ ਹੈ** ਕਿ ਤੁਸੀਂ ਖੁਦਾ ਦਾ ਜਲਾਲ ਵੇਖੋਂਗੇ"।

ਉਹਨੇ ਕਿਹਾ, "ਇਹਦਾ ਅਰਥ ਰੂਬੀ ਹੈ"।

108 ਮੈਂ ਕਿਹਾ, "ਨਹੀਂ, ਮੈਂ ਨਹੀਂ ਸੋਚਦਾ ਹਾਂ ਕਿ ਇਸਦਾ ਤੁਹਾਡੇ ਨਾਲ ਕੋਈ ਵਾਸਤਾ ਹੈ, ਬੈਂਕਸ ਜਾਣ ਰੂਬੀ, ਕਿਸੇ ਇੱਕ ਨਾਲ ਵੀ ਨਹੀਂ। ਮੈਂ ਤਾਂ ਬਸ ਸੋਚਦਾ ਹਾਂ ਕਿ ਇਹ ਤਾਂ ਬਸ ਆਖ ਰਿਹਾ ਸੀ, '**ਯਹੋਵਾਹ ਇੰਝ ਫ਼ਰਮਾਉਂਦਾ ਹੈ**, ਕਿ ਕੁਝ ਹੋਣ ਵਾਲਾ ਹੈ'"।

109 ਅਤੇ ਅਗਲੀ ਸਵੇਰ ਜਦ ਅਸੀਂ ਉੱਥੇ ਖੜ੍ਹੇ ਸਾਂ ਆਦਮੀਆਂ ਵਿੱਚੋਂ ਬਹੁਤ ਸਾਰੇ ਮੈਂ ਨਹੀਂ ਜਾਣਦਾ ਹਾਂ ਕਿ ਕਿੰਨੇ ਹੁਣ ਕਿੱਥੇ ਬੈਠੇ ਹੋਏ ਹਨ। ਉੱਥੇ ਬਾਰਾਂ ਜਾਂ ਚੋਦਾਂ, ਸਾਰੇ ਸੇਵਕ ਉੱਥੇ ਬੈਠੇ ਹੋਏ ਸਨ। ਅਚਾਨਕ ਇੱਕ ਸੇਵਾਦਾਰ ਮੇਰੇ ਕੋਲ ਆਇਆ ਅਤੇ ਉਹਨੇ ਕਿਹਾ, "ਭਾਈ ਬ੍ਰਾਨਹਮ," ਉਸਨੇ ਕਿਹਾ, "ਮੇਰਾ ਨਾਮ ਫਲਾਣਾ—ਫਲਾਣਾ ਹੈ"। ਕਿਹਾ, "ਮੈਂ ਕੈਲੀਫੋਰਨੀਆ ਵਿੱਚ ਤੇਰਾ ਇੱਕ ਪ੍ਰਾਯੋਜਕ ਸਾਂ"।

110 ਮੈਂ ਕਿਹਾ, "ਸ਼੍ਰੀ ਮਾਨ ਜੀ, ਮੈਂ ਤੁਹਾਨੂੰ ਦੇਖ ਕੇ ਬਹੁਤ ਖੁਸ਼ ਹਾਂ, ਡੋਗਲਸ ਮੈਕਹਗਸ"। ਉਹਨੇ ਕਿਹਾ, "ਮੈਂ ਹਾਂ"। ਮੈਂ ਕਿਹਾ, "ਮੈਂ ਤੁਹਾਨੂੰ ਮਿਲ ਕੇ ਬਹੁਤ ਖੁਸ਼ ਹਾਂ"। ਉਹਦੇ ਨਾਲ ਹੱਥ ਮਿਲਾਇਆ।

111 ਉਹਨੇ ਕਿਹਾ, "ਠੀਕ ਹੈ ਭਾਈ ਹੁਣ ਮੈਂ ਤੁਹਾਨੂੰ ਇੱਕ ਪ੍ਰਸ਼ਨ ਪੁੱਛਣਾ ਚਾਹੁੰਦਾ ਹਾਂ"। ਤੇ ਕਿਹਾ, ਰਾੱਯ, ਰੋਬਰਸਨ, ਇੱਥੇ ਜੋ ਆਮੰਤਦਾਰ ਹੈ; ਭਾਈ ਵੁੱਡਸ ਟੈਰੀ, ਅਤੇ ਬਿਲੀ ਭਾਈ ਮੈਕ ਅਨਾਲੀ, ਅਤੇ ਮੈਂ ਨਹੀਂ ਜਾਣਦਾ ਕਿ ਹੋਰ ਕੋਣ ਕੋਣ ਉੱਥੇ ਖੜ੍ਹਾ ਸੀ। ਅਤੇ ਮੈਂ…ਅਤੇ ਉਸਨੇ ਕਿਹਾ, "ਮੈਂ ਤੁਹਾਨੂੰ

ਕੁਝ ਪੁੱਛਣਾ ਚਾਹੁੰਦਾ ਹਾਂ”। ਉਸਨੇ ਕਿਹਾ, “ਕਿ ਤੈਨੂੰ ਪ੍ਰਭੂ ਤੋਂ ਕਦੀ ਉਸ ਤਰ੍ਹਾਂ ਦਾ ਦਰਸ਼ਨ ਮਿਲਿਆ ਹੈ?”

112 ਮੈਂ ਕਿਹਾ, “ਹਾਂ ਭਾਈ ਜੀ, ਪਰ ਮੈਂ ਤਾਂ ਇੱਥੇ ਬਾਹਰ ਆਉਂਦਾ ਹਾਂ ਇੱਕ ਕਿਸਮ ਨਾਲ ਇਸ ਤੋਂ ਦੂਰ ਹੋਣ ਲਈ, ਆਰਾਮ ਪਾਉਣ ਲਈ”।

ਅਤੇ ਮੈਂ *ਇੰਝ* ਆਲੇ ਦੁਆਲੇ ਵੇਖਿਆ ਅਤੇ ਮੈਂ ਵੇਖਿਆ ਕਿ ਇੱਕ ਭਾਰੇ ਸ਼ਰੀਰ ਦਾ ਡਾਕਟਰ ਉਹਦੀ ਵੱਲ ਵੇਖ ਰਿਹਾ ਸੀ। ਅਤੇ ਉਹਨੇ ਕਿਹਾ, “ਰੇਵਰੇਂਡ ਮੈਕਹਗਸ, ਤੁਹਾਡੀ ਅੱਖ ਦਾ ਇਹ ਨੁਕਸ ਜਲਦੀ ਹੀ ਤੁਹਾਡੀ ਅੱਖ ਦਾ ਨਾਸ਼ ਕਰ ਦੇਵੇਗਾ। ਮੈਂ ਦੋ ਸਾਲ ਤੱਕ ਤੁਹਾਡਾ ਇਲਾਜ ਕੀਤਾ ਹੈ। ਅਤੇ ਮੈਂ ਹੁਣ ਇਹਦੇ ਬਾਰੇ ਕੁਝ ਨਹੀਂ ਕਰ ਸਕਦਾ”।

ਅਤੇ ਮੈਂ ਉਹਦੀ ਵੱਲ ਮੁੜਿਆ। ਮੈਂ ਆਖਿਆ, “ਜਿਹਦੇ ਲਈ ਤੂੰ ਮੈਨੂੰ ਪੁੱਛਿਆ ਸੀ, ਉਸ ਦਿਨ, ਤੁਹਾਡੇ ਡਾਕਟਰ ਨੇ ਤੁਹਾਨੂੰ ਦੱਸਿਆ ਸੀ, ‘ਇਹ ਨੁਕਸ ਤੁਹਾਡੀ ਅੱਖ ਵਿੱਚ ਸੀ’”। ਅਤੇ ਇਹ ਦੁਪਹਿਰ ਸੀ, ਲੱਗਭਗ ਗਿਆਰਾਂ ਵਜੇ ਸਨ, ਅਤੇ ਉਹਨੇ ਧੁੱਪ ਵਾਲੀਆਂ ਐਨਕਾਂ ਪਾਈਆਂ ਹੋਈਆਂ ਸਨ। ਮੈਂ ਕਿਹਾ, “ਇਸਦਾ ਕਾਰਣ; ਤੁਸੀਂ ਇਸਨੂੰ ਨਹੀਂ ਪਹਿਨਣ ਦਾ ਕਾਰਣ ਕਿਉਂਕਿ ਸੂਰਜ ਹੈ। ਇਹ ਤੁਹਾਡੀ ਅੱਖ ਦੇ ਕਾਰਣ ਹੈ। ਉਹਨੇ ਤੁਹਾਨੂੰ ਦੱਸਿਆ ਕਿ ‘ਤੁਹਾਡੀ ਇਹ ਅੱਖ ਜਾਂਦੀ ਰਹੇਗੀ’”।

ਅਤੇ ਉਹਨੇ ਰੋਣਾ ਚਿਲਾਉਣਾ ਸ਼ੁਰੂ ਕਰ ਦਿੱਤਾ ਅਤੇ ਆਖਿਆ, “ਇਹ ਠੀਕ ਹੈ”।

113 ਮੈਂ ਆਲੇ ਦੁਆਲੇ ਘੁੰਮਣ ਲਈ ਫਿਰ ਮੁੜਿਆ ਅਤੇ ਮੇਰੇ ਹੱਥ ਵਿੱਚ ਇਕਕ ਬੇਲਚਾ ਸੀ। ਅਤੇ ਮੈਂ ਵੇਖਿਆ, ਮੈਂ ਉਹਨੂੰ ਉੱਥੇ ਖੜ੍ਹੇ ਹੋ ਕੇ ਮੇਰੀ ਵੱਲ ਵੇਖਦੇ ਵੇਖਿਆ। ਉਹਦੀਆਂ ਅੱਖਾਂ ਉਦਾਂ ਹੀ ਚਮਕਦਾਰ। ਮੈਂ ਆਖਿਆ, “ਪਰ **ਯਹੋਵਾਹ ਇੰਝ ਫ਼ਰਮਾਉਂਦਾ ਹੈ**, ਕਿ ਤੁਹਾਡੀ ਅੱਖ ਜਾਂਦੀ ਨਾ ਰਹੇਗੀ”। ਪਿਛਲੇ ਪਤਝੜ ਦੇ ਮੌਸਮ ਵਿੱਚ ਮੈਂ ਉਹਦੇ ਨਾਲ ਸ਼ਿਕਾਰ ਕਰ ਰਿਹਾ ਸੀ। ਉਹ ਤਾਂ ਮੇਰੇ ਤੋਂ ਵੀ ਜਿਆਦਾ ਵਧੀਆ ਵੇਖ ਸਕਦਾ ਹੈ। ਭੀੜ ਵਿੱਚੋਂ ਕਿਸੇ ਨਾਲੋਂ ਵੀ। ਉਹ ਕਦੇ ਵੀ...

114 ਤਦ ਮੈਂ ਇੱਕ ਬੁੱਢੀ ਔਰਤ ਨੂੰ ਆਪਣਿਆਂ ਜੁਰਾਬਾਂ ਨੂੰ ਹੇਠਾਂ ਖਿੱਚਦੇ ਅਤੇ ਆਪਣੀ ਸਕਰਟ ਇੱਕ ਪਾਸਿਓ ਉਤਾਂਹ ਚੁੱਕਦੇ ਵੇਖਿਆ। ਉਹਨੇ ਕਿਹਾ, “ਪੁੱਤਰ, ਜੇ ਤੂੰ ਭਾਈ ਬ੍ਰਾਨਹਮ ਨੂੰ ਮਿਲੇ, ਤਾਂ ਉਹਨੂੰ ਆਖੀਂ ਕਿ ਮੇਰੇ ਪੈਰਾਂ ਲਈ ਪ੍ਰਾਰਥਨਾ ਕਰੇ”। ਅਤੇ ਮੈਂ ਉੱਥੇ ਹੇਠਾਂ ਵੇਖਿਆ, ਰਸੋਲੀਆਂ ਉਹਦੇ ਪੈਰਾਂ ਦੇ ਚਾਰੇ ਪਾਸੇ, ਲਟਕ ਰਹੀਆਂ ਸਨ।

115 ਮੈਂ ਕਿਹਾ, "ਤੁਹਾਡੀ ਮਾਂ ਸਲੇਟੀ ਰੰਗ ਦੇ ਵਾਲਾਂ ਦੀ ਇਸਤ੍ਰੀ ਹੈ"। 'ਮੇਰੇ ਪੁੱਤਰ', ਤੁਸੀਂ ਸਮਝਦੇ ਹੋ। ਤੁਹਾਡੇ ਰਵਾਨਾ ਹੋਣ ਤੋਂ ਪਹਿਲਾਂ ਉਹਨੇ ਤੁਹਾਨੂੰ ਦੱਸਿਆ ਸੀ ਕਿ ਜੇ ਤੁਸੀਂ ਮੈਨੂੰ ਮਿਲੋ ਤੇ ਉਹਦੇ ਪੈਰਾਂ ਲਈ ਪ੍ਰਾਰਥਨਾ ਕਰਨ ਲਈ ਆਖੋ। ਉਹਨੂੰ ਛੋਟੀਆਂ ਰਸੌਲੀਆਂ ਹਨ। ਉਹਦੇ ਪੈਰਾਂ ਦੇ ਆਲੇ ਦੁਆਲੇ ਲਟਕ ਰਹੀਆਂ ਹਨ"। ਉਹ ਤਾਂ ਬੇਹੋਸ਼ ਹੋਣ ਵਾਲਾ ਸੀ।

ਆਖਿਆ, "ਇਹ ਸੱਚਾਈ ਹੈ"।

ਮੈਂ ਕਿਹਾ, "ਉਹਨੂੰ ਦੱਸ ਕਿ ਫਿਕਰ ਨ ਕਰੇ, ਇਹ ਠੀਕ ਹੋ ਜਾਏਗਾ"।

116 ਮੈਂ ਆਲੇ ਦੁਆਲੇ ਚੱਲਣਾ ਸ਼ੁਰੂ ਕੀਤਾ। ਤਦ ਮੈਂ ਪਰਮੇਸ਼ਵਰ ਦੀ ਅਵਾਜ ਨੂੰ ਬੋਲਦੇ ਹੋਏ ਸੁਣਿਆ, ਆਖਿਆ, "ਕਿ ਜਲਦੀ ਰਾਹ ਵਿੱਚੋਂ ਹਟ ਜਾਹ"।

ਰਾਏ ਰੋਬਰਸਨ ਉੱਥੇ ਖੜ੍ਹਾ ਸੀ, ਜਾਣਦੇ ਹੋਏ ਕਿ ਉਹ ਯੁੱਧ ਦਾ ਤਜਰਬੇਕਾਰ ਆਦਮੀ ਸੀ। ਮੈਂ ਆਪਣਾ ਹੱਥ ਉਹਦੇ ਮੋਢੇ ਤੇ ਰੱਖਿਆ, ਮੈਂ ਕਿਹਾ, "ਭਾਈ ਰਾੱਯ, ਲੁੱਕ, ਜਿਨਾਂ ਜਲਦੀ ਹੋ ਸਕਦਾ ਹੈ!"

ਉਹਨੇ ਕਿਹਾ, "ਕੀ ਗੱਲ ਹੈ?"

ਮੈਂ ਕਿਹਾ, "ਰਾਹ ਵਿੱਚੋਂ ਹੱਟ ਜਾ! ਲੁੱਕ ਜਾਹ!"

117 ਅਤੇ ਆਲੇ ਦੁਆਲੇ ਚੱਲਣਾ ਸ਼ੁਰੂ ਕੀਤਾ ਤੇ ਆਪਣਾ ਬੇਲਚਾ ਥੱਲੇ ਰੱਖਿਆ ਤੇ ਪਿਛਾਂਹ ਵੇਖਿਆ ਅਤੇ ਆਪਣਾ ਟੋਪ ਲਾਹਿਆ। ਅਤੇ ਉਹ ਗਿਆ। ਖੁਦਾ ਦਾ ਜਲਾਲ ਵਾਵਰੋਲੇ ਵਿੱਚ ਦੀ ਪੈ ਰਿਹਾ ਸੀ, ਜਿਹਨੇ ਕਿ ਪਹਾੜ ਦਾ ਪਾਸਾ ਹੀ ਉਖਾੜ ਸੁੱਟਿਆ ਸੀ। ਇਸ ਤਰ੍ਹਾਂ ਅਤੇ ਧਮਾਕਾ ਕੀਤਾ ਤੇ ਇਸ ਤਰ੍ਹਾਂ ਉਸ ਥਾਂ ਨੂੰ ਹਿਲਾ ਦਿੱਤਾ। ਝਾੜੀਆਂ ਦੇ ਉਤਲੇ ਪਾਸੇ ਨੂੰ ਉਖਾੜ ਸੁੱਟਿਆ। ਲੱਗਭਗ ਤਿੰਨ ਜਾਂ ਚਾਰ ਪੰਜ ਫੁੱਟ ਮੇਰੇ ਸਿਰ ਤੋਂ ਉਤਾਂਹ। ਇਸ ਤਰ੍ਹਾਂ ਚਿਮਨੀ ਵਾਂਗ ਉਤਾਂਹ ਗਿਆ। ਇਹਨੇ ਫਿਰ ਦੁਬਾਰਾ ਧਮਾਕਾ ਕੀਤਾ, ਅਤੇ ਇੱਥੇ ਉਹ ਤਿੰਨ ਵਾਰੀ ਆਇਆ।

118 ਜਦ ਇਹ ਤੀਜੀ ਵਾਰ ਚਲਾ ਗਿਆ, ਭਾਈ ਬੈਂਕਸ ਆ ਗਏ ਤੇ ਆਖਿਆ, "ਕੀ ਤੁਸੀਂ ਇਸ ਬਾਰੇ ਗੱਲਬਾਤ ਕਰ ਰਹੇ ਸੀ?"

ਮੈਂ ਕਿਹਾ, "ਹਾਂ ਜੀ"।

ਆਖਿਆ, "ਇਹ ਕੀ ਸੀ?"

119 ਮੈਂ ਕਿਹਾ, "ਖੁਦ ਵਾਵਰੋਲੇ ਵਿੱਚ ਵਿਖਾਈ ਦਿੰਦਾ ਹੈ"। ਮੈਂ ਨਹੀਂ ਜਾਣਦਾ ਸੀ ਕਿ ਉਹ ਮੈਨੂੰ ਚਾਹੁੰਦਾ ਹੈ ਕਿ ਮੈਂ ਲੋਕਾਂ ਨੂੰ ਦੱਸਾਂ ਜਾਂ ਨਹੀਂ।

120 ਤਦ ਮੈਂ ਚੱਲਦਾ ਗਿਆ ਤੇ ਥੋੜ੍ਹੀ ਜਿਹੀ ਪ੍ਰਾਰਥਨਾ ਕੀਤੀ। ਹੁਣ ਉਹਨੇ ਮੈਨੂੰ ਦੱਸਿਆ ਕਿ ਮੈਂ ਉਹਨਾਂ ਨੂੰ ਦੱਸ ਸਕਦਾ ਹਾਂ। ਮੈਂ ਕਿਹਾ, "ਇਹ ਤਾਂ

ਪੱਛਮੀ ਤੱਟ ਤੇ ਨਿਆਂ ਭੜਕ ਰਿਹਾ ਹੈ"। ਅੱਜ ਉਹਦੀ ਵੱਲ ਵੇਖੋ! ਧਿਆਨ ਦਿਓ ਕਿ ਕੁਝ ਘੰਟਿਆਂ ਬਾਅਦ ਕੀ ਹੋਇਆ; ਅਲਾਸਕਾ ਡੁੱਬ ਗਿਆ। ਤੇ ਹੁਣ ਸਾਰਾ ਹੀ ਹੇਠਾਂ ਧੱਸਦਾ ਜਾ ਰਿਹਾ ਹੈ। ਅਸੀਂ ਨਿਆਂ ਵਿੱਚ ਦਾਖਲ ਹੋ ਰਹੇ ਹਾਂ।

121 ਪਰ ਖੁਦਾ ਦਾ ਧੰਨਵਾਦ, ਸਾਡੇ ਕੋਲ ਗੁਪਤ ਭੋਜਨ ਹੈ, ਆਤਮਿਕ ਭੋਜਨ। ਅਸੀਂ ਇਹਨਾਂ ਆਖਰੀ ਦਿਨਾਂ ਵਿੱਚ ਯਿਸੂ ਮਸੀਹ ਦੇ ਪ੍ਰਕਾਸ਼ ਦੀ ਚੰਗਾਈ ਅਤੇ ਦਯਾ ਦੇ ਉੱਤੇ ਜੀ ਰਹੇ ਹਾਂ। ਉਹਦੇ ਲੋਕਾਂ ਦੇ ਦਰਮਿਆਨ ਉਹ ਆਪਣੇ ਆਪ ਨੂੰ ਸਾਬਤ ਕਰ ਰਿਹਾ ਹੈ। ਆਮੀਨ! ਉਹ ਅੰਦਰ ਗਏ। ਏਲੀਯਾਹ ਸੋਕਾ ਪੈਣ ਤੋਂ ਪਹਿਲਾਂ ਹੀ ਅੰਦਰ ਗਿਆ। ਅੰਦਰ ਜਾਣ ਦੇ ਲਈ ਪਰਮੇਸ਼ਵਰ ਦਾ ਧੰਨਵਾਦ ਨਿਆਂ ਦੇ ਭੜਕਣ ਤੋਂ ਪਹਿਲਾਂ। ਹੁਣ ਸਮਾਂ ਹੈ ਬਾਹਰ ਆਣ ਕੇ ਅੰਦਰ ਜਾਣਾ। ਉਹਨਾਂ ਜਥੇਬੰਦੀਆਂ ਵਿੱਚੋਂ ਨਿਕਲ ਕੇ ਤੇ ਮਸੀਹ ਵਿੱਚ ਦਾਖਲ ਹੋਣਾ। ਬਾਹਰ ਨਿਕਲ ਕੇ ਅੰਦਰ ਵੜਨਾ, ਇਹ ਸਮਾਂ ਸਭ ਸੱਚੇ ਨਿਹਚਵਾਨਾਂ ਦੇ ਲਈ ਹੈ।

122 ਤਦ ਉਹ ਬੁਲਾਇਆ ਗਿਆ ਸੀ ਤੇ ਉੱਥੇ ਰੁਕਿਆ ਰਿਹਾ। ਯਾਦ ਰਹੇ, ਉਹਨੇ ਉਹ ਨਾਲਾ ਨਹੀਂ ਛੱਡਿਆ, ਜਦ ਤੱਕ ਕਿ ਖੁਦ ਨੇ ਉਹਨੂੰ ਨਹੀਂ ਬੁਲਾਇਆ।

123 ਅਤੇ ਜਦ ਸੋਕਾ ਲੱਗਭਗ ਖਤਮ ਹੋ ਗਿਆ, ਉਹਨੇ ਉਹਨੂੰ ਉੱਥੋਂ ਵਿਧਵਾ ਦੇ ਘਰ ਬੁਲਾ ਲਿਆ। ਧਿਆਨ ਦਿਉ, ਉਹਨੇ ਉਹਨੂੰ ਇੱਕ ਵਿਧਵਾ ਦੇ ਘਰ ਬੁਲਾਇਆ। ਅਤੇ ਇਸ ਵਿਧਵਾ ਨੇ ਆਪਣੇ ਆਪ ਨੂੰ ਬੇਪਰਤੀਤਿਆਂ ਨਾਲ ਨਹੀਂ ਸੀ ਜੋੜਿਆ, ਤੇ ਸੋਕੇ ਦੇ ਦੋਰਾਨ ਦਰਿੰਦੇ ਦਾ ਨਿਸ਼ਾਨ ਨਹੀਂ ਸੀ ਲਿਆ। ਸੋ ਉਹਨੇ ਉਹਨੂੰ ਬਾਹਰ ਬੁਲਾਇਆ...ਇਸ ਵਿਧਵਾ ਨੂੰ ਜਿਉਂਦੇ ਰੱਖਣ ਲਈ ਉਸਨੇ ਏਲੀਯਾਹ ਨੂੰ ਸੱਦਿਆ। ਉਹਨਾਂ ਕੋਲ ਇੱਕ ਛੋਟੀ ਜਿਹੀ ਰੋਟੀ ਸੀ ਇੱਕ ਚੋਟੀ ਜਿਹੀ ਚੀਜ਼ ਜਿਸਨੂੰ ਉਹਨੇ ਫੜ ਕੇ ਰੱਖਿਆ ਸੀ। ਅਤੇ ਏਲੀਯਾਹ ਨੇ ਕਿਹਾ, "ਇਹਨੂੰ ਪਹਿਲਾਂ ਮੈਨੂੰ ਦੇ। ਕਿਉਂਕਿ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਕਿ ਨ ਤਾਂ ਤੇਰਾ ਮਟਕਾ ਖਾਲੀ ਹੋਵੇਗਾ ਤੇ ਨ ਹੀ ਤੇਰੀ ਕੁੱਪੀ ਵਿੱਚੋਂ ਤੇਲ ਮੁੱਕੇਗਾ। ਜਿਸ ਦਿਨ ਤੱਕ ਕਿ ਖੁਦਾਵੰਦ ਖੁਦਾ ਧਰਤੀ ਉੱਤੇ ਮੀਂਹ ਨਹੀਂ ਪਾਉਂਦਾ"। ਖੁਦਾ ਨੂੰ ਪਹਿਲਾਂ ਰੱਖਦੇ ਹੋਏ, ਉਹਦਾ ਵਚਨ ਪਹਿਲਾਂ!

124 ਧਿਆਨ ਦਿਓ, ਮਟਕੇ ਵਿੱਚ ਆਟਾ ਸੀ। ਹਰ ਸਮੇਂ ਜਦ ਉਹ ਖਾਣੇ ਤੋਂ ਬਾਅਦ ਗਈ ਤਾਂ ਮਟਕੇ ਵਿੱਚ ਆਟਾ ਸੀ। ਕੁੱਪੀ ਵਿੱਚ ਤੇਲ ਸੀ, ਹਰ ਵਾਰੀ ਜਦ ਉਹ ਇਹ ਦੇ ਲਈ ਗਈ। ਕਿਉਂ? ਭੋਜਨ ਤਾਂ ਮਸੀਹ ਨੂੰ ਅੰਨ ਬਲੀ ਦਰਸਾਉਂਦਾ ਸੀ। ਦਾਣੇ ਤਾਂ ਠੀਕ ਠਾਕ ਰੱਖਣੇ ਸਨ ਉਹਨਾਂ ਵਿੱਚੋਂ ਹਰੇਕ ਨੂੰ

ਪੀਸਣ ਲਈ। ਇਸ ਭੋਜਨ ਦਾ ਹਰੇਕ ਦਾਣਾ ਬਿਲਕੁਲ ਠੀਕ ਇੱਕੋ ਜਿਹਾ, ਇਹ ਵਿਖਾ ਰਿਹਾ ਸੀ, ਕਿ ਉਹ ਅੱਜ ਕਲ ਅਤੇ ਯੁਗੋਯੁਗ ਇੱਕੋ ਜਿਹਾ ਹੈ। ਇਹ ਵਚਨ ਸੀ, ਜੀਵਨ ਦੀ ਰੋਟੀ ਦੇ ਸੰਦੇਸ਼ ਦੇ ਪਿੱਛੇ। ਵਚਨ ਨੂੰ ਸਾਬਤ ਕਰਨ ਦੇ ਲਈ।

125 ਸੋ ਇਹ ਅੱਜ ਵੀ ਹੈ ਮਿੱਤਰੋ। ਸੋ ਇਹ ਅੱਜ ਹੀ ਹੈ। ਉਹ ਜੀਵਨ ਦੀ ਰੋਟੀ ਜਿਹਦੇ ਵਿੱਚੋਂ ਬੱਚੇ ਖਾਂਦੇ ਸਨ, ਪਰਮੇਸ਼ਵਰ ਦੇ ਸੰਦੇਸ਼ ਦੇ ਪਿੱਛੇ ਹੈ। ਸੋਕੇ ਦੇ ਸਮੇਂ ਦੇ ਦੌਰਾਨ ਉਹਨਾਂ ਨੂੰ ਜਿਉਂਦੇ ਰੱਖਣ ਦੇ ਲਈ। ਕੀ ਭਲਾ ਜੇ ਉਹ ਸਾਡੇ ਦਰਮਿਆਨ ਅੱਜ ਖੜ੍ਹਾ ਹੋਵੇ? ਉਹ ਉਦਾਂ ਹੀ ਕੰਮ ਕਰੇਗਾ, ਠੀਕ ਬਿਲਕੁਲ ਉਦਾਂ ਹੀ ਜਿਦਾਂ ਕਿ ਉਹਨੇ ਉਹਨੀਂ ਦਿਨੀਂ ਕੀਤਾ ਸੀ, ਜਦ ਉਹ ਧਰਤੀ ਉੱਤੇ ਸ਼ਰੀਰ ਵਿੱਚ ਸੀ। ਲਾੜੀ ਪਤੀ ਦਾ ਹਿੱਸਾ ਹੈ। ਕਲੀਸੀਆ ਉਦਾਂ ਹੀ ਹੈ ਜਿਦਾਂ ਮਸੀਹ ਹੈ। "ਜਿਹੜੇ ਕੰਮ ਮੈਂ ਕਰਦਾ ਹਾਂ ਤੁਸੀਂ ਵੀ ਕਰੋਗੇ"। ਇਹ ਤਾਂ ਵਚਨ ਹੈ ਜਿਹਨੇ ਕੀਤਾ ਹੈ। ਉਹਨੇ ਸਾਨੂੰ ਦੱਸਿਆ ਕਿ ਜਿਹੜੀਆਂ ਚੀਜਾਂ ਉਹਨੇ ਕੀਤੀਆਂ ਅਸੀਂ ਵੀ ਕਰਾਂਗੇ।

126 ਅਸੀਂ ਇੱਥੇ ਫਿਰ ਧਿਆਨ ਦਿੰਦੇ ਹਾਂ, ਜੇ ਵਚਨ ਸਾਡੇ ਵਿੱਚ ਹੈ ਅਤੇ ਸਾਡੇ ਕੋਲ ਆਇਆ ਹੈ, ਜਿਵੇਂ ਉਸ ਦਿਨ ਇਹ ਏਲੀਯਾਹ ਦੇ ਕੋਲ ਆਇਆ ਸੀ, ਇਹ ਤਾਂ ਉਹੋ ਹੀ ਕਰੇਗਾ ਜੋ ਉਹਨੇ ਕੀਤਾ ਸੀ, ਉਹ ਤਾਂ ਪਰਮੇਸ਼ਵਰ ਦੀਆਂ ਗੁਪਤ ਚੀਜ਼ਾਂ ਵਿੱਚੋਂ ਖੁਆਵੇਗਾ ਜਿਹੜੀਆਂ ਕਿ ਸੰਸਾਰ ਤੋਂ ਲੁਕੀਆਂ ਹੋਈਆਂ ਹਨ। ਔਹ! ਫਿਰ ਦੁਆਰਾ ਇਹ ਸੰਦੇਸ਼ ਨੂੰ ਤੇ ਸੰਦੇਸ਼ਵਾਹਕ ਨੂੰ ਇੱਕ ਬਣਾਉਂਦਾ ਹੈ। ਆਤਮਕ ਭੋਜਨ ਤਿਆਰ ਹੈ, ਅਤੇ ਇਹ ਆਪਣੇ ਹੁਣ ਸਮੇਂ ਵਿੱਚ ਹੈ। ਜੇ ਤੁਸੀਂ ਚਾਹੁੰਦੇ ਹੋ ਤਾਂ ਤੁਹਾਡੇ ਵਿੱਚੋਂ ਹਰੇਕ ਇਹ ਭੋਜਨ ਖਾ ਸਕਦਾ ਹੈ। ਜੇ ਤੁਸੀਂ ਇਸ ਘੜੀ ਦੇ ਸਾਡੇ ਅਨਵਿਸ਼ਵਾਸ ਤੋਂ ਦੂਰ ਹੋਣ ਦੇ ਚਾਹਵੰਦ ਹੋ, ਜੇ ਤੁਸੀਂ ਮਸੀਹ ਵਿੱਚ ਆਉਣ ਲਈ ਤਿਆਰ ਹੋ, ਉਸਦੇ ਵਾਇਦੇ ਵਿਚ ਆਉਣ ਲਈ ਤਿਆਰ ਹੈ।

ਅਤੇ ਯਾਦ ਰੱਖੋ, ਉਹਦੇ ਵਾਇਦੇ, ਮਲਾਕੀ 4 ਵਿੱਚ, ਲੂਕਾ 17:30 ਅਤੇ ਸੰਤ ਯੂਹੰਨਾ 14:12 ਅਤੇ ਕਿੰਨੀਆਂ ਹੋਰ ਲਿਖਤਾਂ ਦੱਸਦੀਆਂ ਹਨ, ਯੋਏਲ 2:38 ਅਤੇ ਸਭ ਜੋ ਉਹ ਕਰੇਗਾ। ਜਾਣ ਫਿਰ 2:28 ਇਹਨਾਂ ਅੰਤ ਦੇ ਦਿਨਾਂ ਵਿੱਚ ਉਹ ਜੋ ਕਰੇਗਾ। ਅਤੇ ਕਿੰਝ ਨਬੀ ਨੇ ਕਿਹਾ ਸੀ ਕਿ ਇਹਨਾਂ ਅੰਤ ਦੇ ਦਿਨਾਂ ਵਿੱਚ ਉਜਾਲਾ ਹੋਵੇਗਾ, ਇਹ ਕਿੰਝ ਕੰਮ ਕਰੇਗਾ, ਕੀ ਇਹ ਕਰੇਗਾ ਸਾਰੀਆਂ ਹੀ ਲਿਖਤਾਂ ਇਹਨਾਂ ਆਖਰੀ ਦਿਨ ਦੀ ਵੱਲ ਇਸ਼ਾਰਾ ਕਰਦਿਆਂ ਹਨ। ਅਤੇ ਉਹ ਮਸੀਹ ਹੈ! ਜੇ ਤੁਸੀਂ ਹੁਣ ਉਹਦੇ ਵਿੱਚ ਲੁੱਕ ਸਕੋ, ਉਸ ਗੁਪਤ

ਸਥਾਨ ਵਿੱਚ, ਤੁਸੀਂ ਖਾ ਸਕਦੇ ਹੋ। ਅਤੇ ਪਰਮੇਸ਼ਵਰ ਦੀ ਭਲਿਆਈ ਨੂੰ ਅਤੇ ਕਿਰਪਾ ਨੂੰ ਵੇਖ ਸਕਦੇ ਹੋ। ਜੇ ਤੁਸੀਂ ਬੀਮਾਰ ਹੋ, ਤਾਂ ਉੱਥੇ ਚੰਗਾਈ ਹੈ।

127 ਤੁਹਾਨੂੰ ਯਾਦ ਹੈ ਜਦ ਅਲੀਸ਼ਾ, ਬਾਅਦ ਵਿੱਚ, ਸੱਦਿਆ ਗਿਆ ਸੀ... ਉਹ ਅੰਨ ਬਲੀ ਦੇ ਬਾਅਦ ਜੋ ਉਹਦੇ ਕੋਲ ਸੀ।ਮਸੀਹ ਅਤੇ ਇਹਦੇ ਨਾਲ ਵਿਧਵਾ ਦਾ ਘਰ ਪਲਿਆ। ਧਿਆਨ ਦਿਓ ਬਾਅਦ ਵਿੱਚ ਜਦ ਉਹਨੇ ਹੇਠਾਂ ਅੱਗ ਬੁਲਾਈ ਅਕਾਸ਼ਾਂ ਦੇ ਵਿੱਚੋਂ ਅਤੇ ਹੋਰ ਹੋਰ ਤੇ ਸਾਬਤ ਕੀਤਾ ਕਿ ਇਹ ਖੁਦਾ ਦੇ ਵੱਲੋਂ ਘੱਲਿਆ ਹੋਇਆ ਹੈ, ਨਬੀ ਦਾ ਆਤਮਾ।

128 ਧਿਆਨ ਦਿਓ ਜੰਗਲ ਵਿੱਚ ਜਦ ਉਹ ਰਤਮੇ ਦੇ ਰੁੱਖ ਹੇਠਾਂ ਪਿਆ ਹੋਇਆ ਸੀ, ਇੱਕ ਫ਼ਰਿਸ਼ਤਾ ਹੇਠਾਂ ਆਇਆ, ਉਸੇ ਹੀ ਤਰ੍ਹਾਂ ਦੇ ਭੋਜਨ ਦੇ ਨਾਲ ਕੁਝ ਰੋਟੀਆਂ ਪਕਾਈਆਂ ਅਤੇ ਉਹਨੂੰ ਖੁਆਈਆਂ। ਤੇ ਥੋੜ੍ਹੇ ਚਿਰ ਬਾਅਦ ਉਹ ਸੌਂ ਗਿਆ ਅਤੇ ਉਹਨੂੰ ਫਿਰ ਜਗਾਇਆ। ਅਤੇ ਉਹਦੇ ਲਈ ਕੁਝ ਹੋਰ ਰੋਟੀਆਂ ਉੱਥੇ ਪਕਾਈਆਂ ਪਈਆਂ ਸਨ। ਚਾਲੀ ਦਿਨ ਤੱਕ ਉਹ ਉਹਨਾਂ ਰੋਟੀਆਂ ਦੇ ਜੋਰ ਵਿੱਚ ਚੱਲਦਾ ਰਿਹਾ। ਖੁਦਾ ਦੀ ਮਹਿਮਾ ਹੋਵੇ! ਉਹ ਅੱਜ ਕਲ ਅਤੇ ਯੁਗੋ ਯੁੱਗ ਇੱਕੋ ਜਿਹਾ ਹੈ। ਔਹ, ਕਿੰਝ ਅਸੀਂ ਉਹਨੂੰ ਪਿਆਰ ਕਰਦੇ ਹਾਂ। ਆਤਮਕ ਭੋਜਨ ਆਪਣੇ ਸਹੀ ਸਮੇਂ ਵਿੱਚ।

129 "ਇਹ ਠੀਕ ਨਹੀਂ ਹੈ ਕਿ ਬੱਚਿਆਂ ਦੀ ਰੋਟੀ ਲਈ ਕੇ ਕੁੱਤਿਆਂ ਨੂੰ ਪਾਈ ਜਾਵੇ"। ਕੀ ਯਿਸੂ ਨੇ ਇਹੋ ਹੀ ਗੱਲ ਕਨਾਨੀ ਔਰਤ ਨੂੰ ਨਹੀਂ ਆਖੀ? ਉਹ ਆਪਣਿਆਂ ਦੇ ਕੋਲ ਘੱਲਿਆ ਗਿਆ ਸੀ। ਇਹ ਠੀਕ ਹੈ। ਉਹਨਾਂ ਦੇ ਕੋਲ ਹੀ ਉਹ ਆਉਂਦਾ ਹੈ...ਉਹ ਕਦੇ ਵੀ ਗੈਰ ਕੋਮਨ ਦੇ ਕੋਲ ਨਹੀਂ ਗਿਆ।

130 ਅਤੇ ਹੁਣ ਅੱਜ ਉਹ ਗੈਰ ਕੋਮਾਂ ਕੋਲ ਉਹਨਾਂ ਦੇ ਸਮੇਂ ਵਿੱਚ ਹੀ ਆ ਕੇ ਮਿਲਦਾ ਹੈ। ਅਤੇ ਇਹ ਠੀਕ ਨਹੀਂ ਹੈ...

131 ਤੁਸੀਂ ਆਖਦੇ ਹੋ, "ਇਹ ਕਿਉਂ ਹੈ ਕਿ ਸੰਦੇਸ਼ ਇਹਨਾਂ ਵੱਡਿਆਂ ਅਤੇ ਮਹਾਨ ਸਥਾਨਾਂ ਵਿੱਚ ਕਿਉਂ ਨਹੀਂ ਪਹੁੰਚਦਾ। ਇਹ ਵੱਡੇ ਧਰਮ ਯੁੱਧ ਜਿਵੇਂ ਕਿ ਮਿਸ਼ਨਾਂ ਦੇ ਵਿਚਕਾਏ?"

132 ਇਹ ਉਹਨਾਂ ਦਾ ਭੋਜਨ ਨਹੀਂ ਹੈ। ਇਹ ਅਖਵਾਉਂਦੀ ਜਿਹੀ ਕਲੀਸੀਆ ਦਾ ਭੋਜਨ ਨਹੀਂ ਹੈ। ਇਹ ਤਾਂ ਲਾੜੀ ਦਾ ਭੋਜਨ ਹੈ। ਇਹ ਤਾਂ ਆਤਮਕ ਭੋਜਨ ਸਹੀ ਸਮੇਂ ਤੇ ਹੈ। ਇਹ ਤਾਂ ਉਹਨਾਂ ਨੂੰ ਉਹਨਾਂ ਦੇ ਮੇਹਦੇ ਵਿੱਚ ਬੀਮਾਰ ਕਰ ਦੇਵੇਗਾ। ਇਹ ਤਾਂ ਉਹਨਾਂ ਲਈ ਬਹੁਤ ਹੀ ਜਾਨਦਾਰ ਹੈ। ਸਮਝੇ। ਸਮਝੇ? ਤੁਸੀਂ ਇਹ ਨਹੀਂ ਕਰ ਸਕਦੇ। ਪਰ, ਬੱਚਿਆਂ ਦੇ ਲਈ ਇਹ ਰੋਟੀ ਹੈ, ਇਹ ਜੀਵਨ ਹੈ, ਇਹ ਤਾਂ ਯਿਸੂ ਮਸੀਹ ਹੈ।

133 ਸਾਨੂੰ ਬਹੁਤ ਦੇਰ ਹੋ ਜਾਵੇਗੀ ਜੇ ਅਸੀਂ ਪ੍ਰਾਰਥਨਾ ਪੰਗਤ ਹੁਣ ਨਾ ਕੀਤੀ। ਹੁਣ ਆਓ ਅਸੀਂ ਇੱਕ ਪਲ ਵਾਸਤੇ ਆਪਣੇ ਸਿਰਾਂ ਨੂੰ ਝੁਕਾਈਏ।

134 ਪਿਆਰੇ ਖੁਦਾ ਸਹੀ ਸਮੇਂ ਵਿੱਚ ਭੋਜਨ, ਆਤਮਕ ਭੋਜਨ। ਕੁਝ ਅਜਿਹਾ ਜਿਹਦੇ ਬਾਰੇ ਸੰਸਾਰ ਕੁਝ ਨਹੀਂ ਜਾਣਦਾ। ਕਿੰਝ ਅਸੀਂ ਆਪਣੇ ਪ੍ਰਭੂ ਨੂੰ ਆਖਦੇ ਸੁਣਦੇ ਹਾਂ ਉਸ ਰਾਤ ਜਾਣ ਉਸ ਦਿਨ, ਉੱਥੇ ਸਾਮਰੀਆ ਵਿੱਚ, ਉਸੇ ਥਾਂ ਤੇ ਜਿੱਥੇ ਅਲਿਸ਼ਾ ਗਿਆ ਤੇ ਆਖਿਆ, "ਕਿਉਂ ਨਹੀਂ ਤ੍ਰੇਲ ਨਹੀਂ ਪਵੇਗੀ ਜਦ ਤੱਕ ਮੈਂ ਨ ਆਖਾਂ"। ਵੇਖੋ ਯਿਸੂ ਖੜ੍ਹਾ ਸੀ, ਆਪਣੇ ਚੇਲਿਆਂ ਨੂੰ ਦੱਸ ਰਿਹਾ ਸੀ।

ਉਹਨਾਂ ਕਿਹਾ, "ਗੁਰੂ ਜੀ, ਤੁਸੀਂ ਕਿਉਂ ਨਹੀਂ ਖਾਂਦੇ?"

ਉਹਨੇ ਕਿਹਾ, "ਮੇਰੇ ਕੋਲ ਅਜਿਹਾ ਭੋਜਨ ਹੈ ਜਿਹਦੇ ਬਾਰੇ ਤੁਸੀਂ ਨਹੀਂ ਜਾਣਦੇ ਹੋ"।

135 ਸੱਚ ਵਿੱਚ, ਪ੍ਰਭੂ, ਉਹਦਾ ਭੋਜਨ ਸੀ ਪਰਮੇਸ਼ਵਰ ਦੀ ਮਰਜੀ ਨੂੰ ਪੂਰਾ ਕਰਨਾ, ਤੇ ਉਹਦੇ ਸਮੇਂ ਵਿੱਚ ਪਰਮੇਸ਼ਵਰ ਦੇ ਕੰਮਾਂ ਨੂੰ ਪ੍ਰਗਟ ਹੁੰਦੇ ਹੋਏ ਵੇਖਣਾ। ਉਹ ਉੱਥੇ ਇਹ ਵੇਖਣ ਦੇ ਲਈ ਸੀ, ਕਿ ਇਹ ਕੀਤਾ ਗਿਆ ਸੀ। "ਮੈਂ ਕੁਝ ਨਹੀਂ ਕਰਦਾ ਜਦ ਤੱਕ ਕਿ ਮੇਰੇ ਪਿਤਾ ਪਹਿਲਾਂ ਨਾ ਵਿਖਾਵੇ। ਜੋ ਕੁਝ ਪਿਤਾ ਵਿਖਾਉਂਦਾ ਹੈ ਉਹ ਮੈਂ ਕਰਦਾ ਹਾਂ"।

136 ਅਤੇ, ਪਿਤਾ ਅੱਜ ਵੀ ਉਦਾਂ ਹੀ ਹੈ। ਕਲੀਸੀਆ, ਸੱਚਾ ਨਿਹਚਾਵਾਨ ਨਿਹਚਾਵਾਨਾਂ ਦੀ ਦੇਹ ਦੀ ਭੋਜਨ ਤੱਕ ਪਹੁੰਚ ਹੈ, ਆਤਮਕ ਭੋਜਨ ਜਿਹਦੇ ਬਾਰੇ ਵਿੱਚ ਨਾਮ ਦੇ ਮਸੀਹੀ ਕੁਝ ਵੀ ਨਹੀਂ ਜਾਣਦੇ। ਪਿਤਾ ਸੰਸਾਰ ਇਸ ਭੋਜਨ ਬਾਰੇ ਕੁਝ ਨਹੀਂ ਜਾਣਦੇ। ਪਰ ਤੇਰੀ ਕਲੀਸੀਆ, ਤੇਰੇ ਲੋਕ, ਤੇਰੇ ਪੁੱਤਰ ਦੀ ਲਾੜੀ ਇਹਨੂੰ ਪਸੰਦ ਕਰਦੀ ਹੈ।

137 ਜਦ ਡਾਕਟਰ ਫ਼ੇਲ ਹੋ ਜਾਂਦੇ ਹਨ, ਤਾਂ ਸਾਨੂੰ ਆਪਣੀਆਂ ਦੇਹਾਂ ਦੀ ਚੰਗਾਈ ਦੇ ਲਈ ਪਹੁੰਚ ਹੈ। ਸਾਰੀ ਪਹੁੰਚ ਇਹਦੀ ਲਈ ਹੈ। ਇਹ ਤਾਂ ਇੱਕ ਭੋਜਨ ਖੁਦ ਦਾ ਹੈ ਜਿਹੜਾ ਕਿ ਉਸਨੇ ਆਪਣੀ ਕਲੀਸੀਆ ਨੂੰ ਦਿੱਤਾ ਹੈ, ਅਤੇ ਇਹਨੂੰ ਆਪਣੇ ਦਿਨਾਂ ਦੇ ਵਿੱਚ ਆਪਣੇ ਨਿਹਚਾਵਾਨ ਬੱਚਿਆਂ ਦੇ ਲਈ ਵਾਇਦਾ ਕੀਤਾ ਹੈ। ਅਤੇ ਪਿਤਾ, ਆਪਣੇ ਨਿਹਚਾਵਾਨ ਬੱਚੇ ਹੋਣ ਦੇ ਨਾਲ ਸਾਡੀ ਮੱਦਦ ਕਰ, ਨਿਹਚਾਵਾਨਾਂ ਦੇ ਲਈ ਸਭ ਕੁਝ ਸੰਭਵ ਹੈ। ਪਿਆਰੇ ਖੁਦਾ ਇਹ ਬਖਸ਼ ਦੇ। ਅਸੀਂ ਇਹ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ।

138 ਮੈਂ ਨਿਹਚਾ ਕਰਦਾ ਹਾਂ ਕਿ ਬਿਲੀ ਨੇ ਮੈਨੂੰ ਦੱਸਿਆ ਕਿ ਉਹਨਾਂ ਨੇ ਕੁਝ ਪ੍ਰਾਰਥਨਾ ਪੱਤਰ ਵੰਡੇ ਹਨ। ਜੇ ਕੋਈ ਜਣਾ ਮੈਨੂੰ ਦੱਸੇ ਕਿ ਪ੍ਰਾਰਥਨਾ ਪੱਤਰ ਦੇ ਉੱਤੇ ਕਿਹੜਾ ਅੱਖਰ ਹੈ ਬਸ ਏਦਾਂ ਹੀ ਮੈਂ ਚਾਹੁੰਦਾ ਹਾਂ। C ਠੀਕ ਹੈ, ਆਓ C, ਇੱਕ ਲ਼ਈਏ ਤੇ ਸ਼ੁਰੂ ਕਰੀਏ ਤੇ ਸ਼ੁਰੂ ਕਰੀਏ ਕਿ ਜਦ ਤੱਕ ਕਿ ਅਸੀਂ

ਆਪਣੀ ਪੰਗਤ ਸ਼ੁਰੂ ਕਰਦੇ ਹਾਂ। ਸਮਝੇ ਹੁਣ ਉਹ ਸਭਨੀ ਥਾਈ ਹੋ ਸਕਦੇ ਹਨ। ਹੁਣ, ਜੇ ਹਰੇਕ...ਠੀਕ ਹੈ ਭਾਈ, ਸਮਝੇ ਮੈਂ ਇਹਨੂੰ ਚਲਾ ਕੇ ਵੇਖਾਂਗੇ। ਮੈਂ ਨਹੀਂ ਜਾਣਦਾ ਕਿ ਅਸੀਂ ਇਹ ਕਰ ਸਕਦੇ ਹਾਂ ਕਿ ਨਹੀਂ। ਜਾ ਫਿਰ ਅਸੀਂ ਲਾਈਨ ਵਿੱਚ ਸੱਦ ਸਕਦੇ ਹਾਂ; ਤੁਸੀਂ ਸ਼ਾਂਤ ਬੈਠੇ ਰਹੋ। ਇਹਦੇ ਨਾਲ ਮੈਨੂੰ ਕੋਈ ਫਰਕ ਨਹੀਂ ਪੈਂਦਾ। ਜੇ ਤੁਸੀਂ ਇੱਥੇ ਮੰਚ ਤੇ ਆ ਜਾਉ ਜਾਂ ਫਿਰ ਬੁਲਾਉਣ ਵਾਲੀ ਲਾਈਨ ਲਾਈ ਜਾਵੇ। ਕਿਸੇ ਵੀ ਤਰ੍ਹਾਂ ਇਹਦੇ ਨਾਲ ਕੋਈ ਫਰਕ ਨਹੀਂ ਪੈਂਦਾ। ਮੈਂ ਤਾਂ ਪੂਰੇ ਤੌਰ ਤੇ ਪਵਿੱਤਰ ਆਤਮਾ ਉੱਤੇ ਨਿਰਭਰ ਹਾਂ। ਮੈਂ ਉਹਦੇ ਉੱਤੇ ਨਿਰਭਰ ਹਾਂ ਇਸ ਵਚਨ ਦੀ ਸੁਰੱਖਿਆ ਦੇ ਲਈ ਜਿਹਦਾ ਕਿ ਮੈਂ ਪ੍ਰਚਾਰ ਕਰਦਾ ਹਾਂ।

139 ਭਾਈ ਜਾਰਜ ਰਾਈਟ ਮੈਂ ਇਹ ਨਿਹਚਾ ਕਰਦਾ ਹਾਂ। ਜਦ ਮੈਂ ਛੋਟਾ ਮੁੰਡਾ ਸੀ। ਬਹੁਤ ਸਾਲ ਪਹਿਲਾਂ ਤੇਰੇ ਘਰ ਵੱਲ ਦੀ ਆਉਂਦੇ ਹੋਏ, ਤੇ ਉਸ ਬੁੱਢੇ ਵਿਪੁਰਵਿਲ ਨੂੰ ਰੁੱਖ ਵਿੱਚ ਬੈਠੇ ਹੋਏ ਸੁਣਦਾ ਹਾਂ। ਮੈਂ ਅਜੇ ਵੀ ਉਹੋ ਹੀ ਸੰਦੇਸ਼ ਮੰਨਦਾ ਹਾਂ। ਮੈਂ ਮੰਨਦਾ ਹਾਂ ਕਿ ਇਹ ਉਹੋ ਹੀ ਹੈ।

140 ਠੀਕ ਹੈ, ਮੈਂ ਵੇਖਦਾ ਹਾਂ ਕਿ ਉਹ ਇੱਥੇ ਪਿੱਛੇ ਪ੍ਰਾਰਥਨਾ ਪੰਗਤ ਦੇ ਲਈ ਥਾਂ ਬਣਾ ਰਹੇ ਹਨ। ਠੀਕ ਹੈ ਪ੍ਰਾਰਥਨਾ ਪੰਗਤ C ਨੰਬਰ ਇੱਕ ਦੋ ਜਾਂ ਤਿੰਨ, ਚਾਰ, ਪੰਜ ਪਹਿਲਾਂ ਆਓ ਤੇ ਠੀਕ ਇੱਥੇ ਖੜ੍ਹੇ ਹੋ ਜਾਓ। ਜੇ ਤੁਸੀਂ ਖੜ੍ਹੇ ਨਹੀਂ ਹੋ ਸਕਦੇ, ਜੇ ਤੁਸੀਂ ਸਿਰਫ਼ ਆਪਣੇ ਹੱਥ ਖੜ੍ਹੇ ਕਰੋ ਤਾਂ ਉਹਨਾਂ ਵਿੱਚੋਂ ਕੁਝ ਆਣ ਕੇ ਤੁਹਾਨੂੰ ਚੁੱਕ ਲੈ ਜਾਣਗੇ। ਇਹ ਕੀ ਹੈ? ਹਾਂ ਜੀ। ਉਹ-ਉਏ। ਪ੍ਰਾਰਥਨਾ ਪੱਤਰ C ਇੱਕ, ਦੋ, ਤਿੰਨ, ਚਾਰ ਪੰਜ। ਅਤੇ ਹੁਣ ਧਿਆਨ ਦਿਓ ਤੁਸੀਂ ਜਿਹਨਾਂ ਦੇ ਕੋਲ ਪ੍ਰਾਰਥਨਾ ਪੱਤਰ ਨਹੀਂ ਹਨ...

141 ਹੁਣ, ਕਾਫੀ ਸਮੇਂ ਤੱਕ ਮੈਂ ਮੈਂ ਇਸ ਤਰ੍ਹਾਂ ਪ੍ਰਾਰਥਨਾ ਪੰਗਤ ਨਹੀਂ ਲਾਈ ਬਹੁਤ ਚਿਰ ਤੋਂ। ਕਿੰਨੇ ਮੇਰੇ ਅਧਿਕਾਰ ਨੂੰ ਜਾਣਦੇ ਹਨ, ਜਦ ਅਸੀਂ ਇੱਥੇ ਡੇਰਾ ਬਣਾਇਆ? ਉਹਨੇ ਆਖਿਆ, "ਇੱਕ ਪ੍ਰਚਾਰਕ ਦਾ ਕੰਮ ਕਰ", ਸਮਝੇ। ਕਿਉਂਕਿ ਇੱਕ ਸਮਾਂ ਆਵੇਗਾ ਜਦ ਕਿ ਇਹ ਬਦਲਿਆ ਜਾਵੇਗਾ। ਉਹ ਘੜੀ ਆ ਰਹੀ ਹੈ। ਠੀਕ ਹੈ। ਹੁਣ ਇਹਦੇ ਵਿੱਚ, ਉਹ...

142 ਤੁਸੀਂ ਦੋ ਜਾਂ ਤਿੰਨ ਵੱਖਰੀਆਂ ਸੇਵਾਵਾਂ ਨੂੰ ਮਿਲਾ ਨਹੀਂ ਸਕਦੇ ਹੋ, ਪਾਸਟਰ ਤੇ ਉਸੇ ਹੀ ਸਮੇਂ ਤੇ ਅੰਜੀਲ ਦਾ ਪ੍ਰਚਾਰਕ। ਤੁਸੀਂ ਨਬੀ ਨਹੀਂ ਹੋ ਸਕਦੇ ਹੋ ਤੇ ਉਸੇ ਸਮੇਂ ਤੇ ਪਾਸਟਰ ਨਹੀਂ ਹੋ ਸਕਦੇ। ਸਮਝੇ, ਕਿਉਂਕਿ ਤੁਹਾਡੇ ਕੋਲ ਵੱਖਰੇ ਕੰਮ ਹਨ, ਵੱਖਰੀ ਸੇਵਾ ਹੈ।

143 ਪਰ ਪਰਮੇਸ਼ਵਰ ਨੇ ਮੈਨੂੰ ਦਿੱਤਾ ਕਿ ਮੈਨੂੰ ਮੇਰੇ ਸੰਦੇਸ਼ ਵਿੱਚ ਕੀ ਕਰਨ ਚਾਹੀਦਾ ਹੈ। ਪਰ ਤਦ ਉਹਨੇ ਆਖਿਆ, "ਇੱਕ ਪ੍ਰਚਾਰਕ ਦਾ ਕੰਮ ਕਰ।

ਆਪਣੀ ਸੇਵਾ ਦਾ ਪੂਰਾ ਸਬੂਤ ਦੇ। ਕਿਉਂ ਜੋ ਉਹ ਸਮਾਂ ਆਵੇਗਾ ਜਦ ਉਹ ਖਰੀ ਸਿੱਖਿਆ ਨੂੰ ਨਾ ਸਹਿਣਗੇ"। ਜੇ ਇਹ ਹੁਣ ਨਹੀਂ ਆ ਗਿਆ ਹੈ! ਹਰੇਕ ਕਲੀਸੀਆ ਦੀ ਮਿਸ਼ਨ ਨੇ ਮੈਨੂੰ ਰੌਂਦ ਦਿੱਤਾ ਹੈ। ਉਹ ਖਰੀ ਸਿੱਖਿਆ ਨੂੰ ਨਹੀਂ ਸਹਿਣਗੇ। ਪਰ ਆਪਣਿਆਂ ਵਿਸ਼ਿਆਂ ਦੇ ਅਨੁਸਾਰ ਉਹ ਆਪਣੇ ਹੀ ਗੁਰੂ ਅੰਦਰ ਲਿਆਉਣਗੇ, ਤੇ ਉਹ ਖਿਆਲੀ ਕਹਾਣੀਆਂ ਦੀ ਵੱਲ ਫਿਰਨਗੇ। ਅਤੇ ਉਹ ਜੰਨੇਸ ਅਤੇ ਜੰਬਰੇਸ ਵਾਂਗ ਜਿਹਨਾਂ ਨੇ ਮੂਸਾ ਦਾ ਸਾਹਮਣਾ ਕੀਤਾ ਸੀ ਅਤੇ ਉਹ ਬੜੇ ਮਹਾਨ ਵੀਰਤਾ ਪੂਰਣ ਕਾਰਨਾਮੇ ਕਰਨਗੇ, ਪਰ ਉਹਨਾਂ ਦੀ ਮੂਰਖਤਾ ਪ੍ਰਗਟ ਹੋ ਜਾਵੇਗੀ। ਸਮਝੇ? ਸਮਝੇ? ਠੀਕ ਹੈ। ਨਕਲ ਲਾਹੁਣੀ। ਤੁਸੀਂ ਸਮਝਦੇ ਹੋ! ਕਿ ਕਿੰਝ ਜੰਬਰੇਸ...

144 ਅਤੇ ਸਵਰਗ ਵਿੱਚ ਪਰਮੇਸ਼ਵਰ ਜਾਣਦਾ ਹੈ ਕਿ ਸੰਨ 1933 ਤੋਂ ਉਸ ਡੇਰੇ ਦੀ ਨੁੱਕਰ ਦੇ ਪੱਥਰ ਵਿੱਚ...ਠੀਕ ਇਹ ਪਿਆ ਹੋਇਆ ਹੈ ਤੇ ਬਾਈਬਲ ਦੇ ਵਿੱਚ ਵਰਕੇ ਤੇ ਲਿਖਿਆ ਹੋਇਆ ਹੈ, ਠੀਕ ਉੱਥੇ ਪਿਆ ਹੋਇਆ ਹੈ। ਧਿਆਨ ਦਿਓ ਕਿ ਕਿੰਝ ਉਹਨਾਂ ਨੇ ਇਹ ਕੀਤਾ। ਧਿਆਨ ਦਿਓ ਕਿ ਕੀ ਹੋਣ ਵਾਲਾ ਸੀ। ਨਕਲ ਲਾਹੁਣੀ, ਬਿਲਕੁਲ ਠੀਕ। ਆਖਿਆ, "ਉਹਨਾਂ ਨੂੰ ਇਕੱਲਾ ਛੱਡ ਦਿਓ, ਉਹਨਾਂ ਦੀ ਮੂਰਖਤਾ ਉਸੇ ਹੀ ਤਰ੍ਹਾਂ ਪ੍ਰਗਟ ਹੋ ਜਾਵੇਗੀ ਜਿਸ ਤਰ੍ਹਾਂ ਜਨੇਸ ਅਤੇ ਜੰਬਰੇਸ ਦੀ ਹੋ ਗਈ ਸੀ"। ਇੱਥੇ ਅਸੀਂ ਉਸ ਦਿਨ ਵਿੱਚ ਹਾਂ।

145 ਮੈਂ ਤਦ ਕਲੀਸੀਆ ਨੂੰ ਵੇਖਿਆ, ਜਦ ਅਸੀਂ ਕੋਨੇ ਦਾ ਪੱਥਰ ਧਰ ਰਹੇ ਸੀ ਲੋਕ ਦਹਲੀਜਾਂ ਤੇ ਅਤੇ ਆਲੇ ਦੁਆਲੇ ਅਤੇ ਡੇਰੇ ਦੀਆਂ ਕੰਧਾਂ ਨਾਲ ਖੜ੍ਹੇ ਸਨ। ਇਹ ਹੋਈ ਨਾ ਗੱਲ। ਅਤੇ ਉਹਨਾਂ ਨੇ ਆਖਿਆ, ਜਦ ਇਹ ਬਣ ਗਿਆ, ਇੱਥੋਂ ਦੇ ਸ਼ਹਿਰ ਦੇ ਲੋਕਾਂ ਨੇ ਆਖਿਆ, "ਛੇ ਮਹੀਨਿਆਂ ਦੇ ਅੰਦਰ..." ਡੇਰਾ ਬਣਾਉਣ ਲਈ ਸਾਡੇ ਕੋਲ ਇੱਕ ਡਾਲਰ ਅਤੇ ਅੱਸੀ ਸੈਂਟ ਸਨ, ਅਤੇ ਬਹੁਤ ਸਾਰੇ ਗੈਰਾਜ ਦੇ ਲੋਕਾਂ ਨੇ ਫੈਸਲਾ ਕਰ ਲਿਆ ਸੀ, ਕਿ ਇਹ ਉਹਨਾਂ ਦਾ ਗੈਰਾਜ ਹੋਵੇਗਾ। ਪਰ ਇਹ ਤਾਂ ਅਜੇ ਵੀ ਪਰਮੇਸ਼ਵਰ ਦੇ ਭੇਡ਼ ਦੇ ਲਈ ਭੇਡ਼ਸ਼ਾਲਾ ਹੈ।

146 ਇੱਕ, ਦੋ, ਤਿੰਨ, ਪੰਜ, ਛੇ, ਸੱਤ, ਅੱਠ, ਨੌ, ਦੱਸ। C ਛੇ, ਸੱਤ, ਅੱਠ, ਨੌ, ਦੱਸ। ਠੀਕ ਹੈ।

147 ਹੁਣ, "ਮੈਂ ਖੁਦਾਵੰਦ ਨੇ ਇਹ ਲਾਇਆ ਹੈ, ਮੈਂ ਇਹਨੂੰ ਦਿਨ ਰਾਤ ਪਾਣੀ ਲਵਾਂਗਾ ਅਤੇ ਕੋਈ ਇਹਨੂੰ ਮੇਰੇ ਹੱਥੋਂ ਖੋਹ ਲਵੇ"। ਨਿੰਦਿਆ ਦੀ ਵੱਲ ਵੇਖੋ! ਇਹਦੇ ਪਿੱਛੇ ਖੜ੍ਹੇ ਹੋਣ ਦੇ ਲਈ ਕੋਈ ਮਿਸ਼ਨ ਨਹੀਂ ਹੈ। ਇੱਥੇ ਦੇਸ਼ ਭਰ ਵਿੱਚ ਕੋਈ ਵੀ ਕਲੀਸੀਆ ਇਹਨੂੰ ਪਸੰਦ ਨਹੀਂ ਕਰਦੀ। ਦੇਸ਼ ਵਿੱਚ ਕੋਈ ਪੈਂਤੀਕਾਸਤਲ ਨਹੀਂ, ਇਹਨੂੰ ਕਾਇਮ ਰੱਖਣ ਲਈ ਹੋਰ ਦੂਜਾ ਕੁਝ ਵੀ ਨਹੀਂ। ਹਰੇਕ ਪਾਣੀ ਦੇ ਬਪਤੀਸਮੇ ਦੇ ਵਿਰੁੱਧ ਸੀ, ਹਰੇਕ ਇਹਨਾਂ ਸਭਨਾਂ ਦੂਸਰੀਆਂ

ਚੀਜ਼ਾਂ ਦੇ ਵਿਰੁੱਧ ਸੀ। ਐਥੋਂ ਤੋੜੀ ਕਿ ਮੇਰਾ ਪਰਿਵਾਰ, ਮੇਰੇ ਪਿਤਾ ਨੇ ਮੈਨੂੰ ਬੂਹੇ ਤੋਂ ਬਾਹਰ ਕੱਢ ਦਿੱਤਾ, ਤੇ ਮੈਂ ਆਪਣੇ ਕੱਪੜੇ ਇੱਕ ਕਾਗਜ ਦੇ ਥੈਲੇ ਵਿੱਚ ਪਾ ਲਏ ਤੇ ਚਲਿਆ ਗਿਆ। ਤੇ ਨਿਊ ਏਲਬਲੀ ਵਿੱਚ ਰਿਹਾ। ਠੀਕ।

ਪਰ ਬਹੁਤ ਸਾਰੇ ਖਤਰਿਆਂ ਥਾਣੀ, ਮੇਹਨਤਾਂ ਅਤੇ ਫਾਹੀਆਂ,
ਮੈਂ ਤਾਂ ਪਹਿਲਾਂ ਹੀ ਆ ਚੁੱਕਿਆ ਹਾਂ;
ਇਹ ਤਾਂ ਕਿਰਪਾ ਹੈ ਜਿਹਨੇ ਮੈਨੂੰ ਸੁਰੱਖਿਅਤ ਇੱਥੋਂ ਤੱਕ ਲਿਆਂਦਾ ਹੈ।

ਮੈਂ ਛਿਪੰਜਾ ਸਾਲ ਦੀ ਉਮਰ ਦਾ ਹਾਂ ਅਤੇ ਜਲਦੀ ਹੀ ਮੈਨੂੰ ਦਰਿਆ ਪਾਰ ਕਰਨਾ ਪੈਂਦਾ ਹੈ।

ਕਿਰਪਾ ਮੈਨੂੰ ਲੈ ਜਾਵੇਗੀ।

ਜਦ ਮੈਂ ਉੱਥੇ ਦੱਸ ਹਜਾਰ ਸਾਲ ਰਿਹਾ ਹੋਵਾਂ
ਸੂਰਜ ਵਾਂਗ ਦੁੱਗਣਾ ਚਮਕਾਂ;
ਪਰਮੇਸਵਰ ਦੀ ਪ੍ਰਸ਼ੰਸਾ ਗਾਉਣ ਦੇ ਲਈ,
ਤਦ ਜਦ ਅਸੀਂ ਪਹਿਲਾਂ ਸ਼ੁਰੂ ਕੀਤਾ।

ਔਹ, ਅਸੀਂ ਯਿਸੂ ਨੂੰ ਕਿੰਨਾ ਪਿਆਰ ਕਰਦੇ ਹਾਂ! ਉਹ ਮੇਰੇ ਲਈ ਪੂਰਾ ਸੰਸਾਰ ਹੈ!

148 ਔਹ, ਠੀਕ ਹੈ, ਕਿੰਨੇ ਮੈਂ॥ ਮੈਂ ਕਿੱਥੇ ਛੱਡਿਆ ਸੀ ਦੱਸ? ਕੀ ਅਸੀਂ ਥੋੜ੍ਹੇ ਹੋਰ ਲਈ ਸਕਦੇ ਹਾਂ? ਠੀਕ ਹੈ। ਉਹ ਕੀ ਸੀ? ਦੱਸ, ਪੰਧਰਾਂ? ਠੀਕ ਹੈ, C ਦੱਸ ਤੋਂ ਪੰਦਰਾਂ। ਕਿੱਥੇ ਵੀ ਤੁਸੀਂ ਹੋ ਜੇ ਤੁਸੀਂ ਖੜ੍ਹੇ ਹੋ ਸਕਦੇ ਹੋ ਤਾਂ ਲਾਈਨ ਵਿੱਚ ਲੱਗ ਜਾਓ। ਕੀ ਆਖਿਆ? ਹੂ। ਠੀਕ ਹੈ। C ਪੰਦਰਾਂ ਤੋਂ ਤਦ ਵੀਹ ਤਕ। ਇਹਨੂੰ C ਪੰਦਰਾਂ ਤੋਂ ਵੀਹ ਤਕ ਰਹਿਣ ਦਿਉ। ਇਹ ਦੱਸ ਹੋਰ ਲੋਕ ਹੋਣਗੇ। ਅਸੀਂ ਵੇਖਦੇ ਹਾਂ...ਤੁਸੀਂ ਵੇਖਦੇ ਹੋ— ਵੇਖੋ ਇੱਥੇ ਲਾਈਨ ਉੱਥੇ ਖੜ੍ਹੀ ਹੈ। ਅਸੀਂ ਉਹਨਾਂ ਨੂੰ ਨਹੀਂ ਹੋਣ ਦਿੰਦੇ। ਅਸੀਂ ਭੀੜ ਨਹੀਂ ਲੱਗਣ ਦਿੰਦੇ। ਅਤੇ ਅਸੀਂ ਕਰਾਂਗੇ...ਠੀਕ ਹੈ।

149 ਹੁਣ ਮੈਨੂੰ ਆਪਣਾ ਪੂਰਾ ਧਿਆਨ ਦਿਓ, ਅਸੀਂ ਬਹੁਤ ਚਿਰ ਨਹੀਂ ਲਵਾਂਗੇ। ਪਰ, ਹੁਣ, ਔਹ, ਕਿਹੋ ਜਿਹੀ ਘੜੀ ਹੈ। ਕਿਹੋ ਜਿਹਾ ਸਮਾਂ ਹੈ! ਮੈਂ—ਮੈਂ ਚਾਹੁੰਦਾ ਹਾਂ ਕਿ ਹਰੇਕ ਜਨ ਪ੍ਰਭੂ ਨੂੰ ਪਿਆਰ ਕਰ ਸਕੇ। ਮੈਂ ਚਾਹੁੰਦਾ ਹਾਂ ਕਿ ਅਸੀਂ ਸਭੇ ਉਸ ਸਥਾਨ ਤੇ ਪਹੁੰਚ ਜਾਈਏ। ਜਿੱਥੇ ਕਿ ਅਸੀਂ ਇਸ ਪਲ ਦੀ ਅਹਮੀਅਤ ਨੂੰ ਮਹਿਸੂਸ ਕਰ ਸਕੀਏ। ਆਓ ਇਹਦਾ ਜਤਨ ਕਰੀਏ। ਬਸ ਮੈਨੂੰ ਆਪਣਾ ਧਿਆਨ ਦਿਓ।

150 ਅਸੀਂ—ਅਸੀਂ ਇੱਥੇ ਕੀ ਕਰਨ ਦਾ ਯਤਨ ਕਰ ਰਹੇ ਹਾਂ? ਅਸੀਂ ਇੱਕ ਪਰਖ ਦੇ ਰਾਹੀਂ ਪਰਮੇਸ਼ਵਰ ਦੇ ਵਚਨ ਨੂੰ ਰੱਖ ਰਹੇ ਹਾਂ। ਏਲੀਯਾਹ ਨੇ ਵੀ ਇਹੋ ਕੀਤਾ ਸੀ, ਪਹਾੜ ਤੇ ਚਲਿਆ ਗਿਆ ਅਤੇ ਜਦ ਉਹਨੇ ਜਾਣ ਲਿਆ ਕਿ ਪਰਮੇਸ਼ਵਰ ਨੇ ਉਹਨੂੰ ਇਹ ਕਰਨ ਲਈ ਘੱਲਿਆ ਹੈ। ਉਹਨੇ ਕਿਹਾ, “ਹੁਣ ਆਓ ਸਾਬਿਤ ਕਰੀਏ ਕਿ ਖੁਦ ਕੌਣ ਹੈ। ਜੇ ਖੁਦਾ ਅੱਗ ਨਾਲ ਜਵਾਬ ਦੇਵੇ, ਉਹ ਖੁਦਾ ਠਹਿਰੇ”।

151 ਅਤੇ ਮੂਰਤੀਪੂਜਕਾਂ ਨੇ ਕਿਹਾ, “ਔਹ, ਠੀਕ ਹੈ ਭਾਈ, ਯਕੀਨਨ ਨਹੀਂ...” ਮੂਰਤੀਪੂਜਕ ਜਾਣਦੇ ਸਨ ਕਿ ਅੱਗ ਨਹੀਂ ਬਰਸੇਗੀ, ਉਹ ਚੀਕਦੇ ਚਿਲਾਉਂਦੇ ਰਹੇ।

152 ਪਰ ਏਲੀਯਾਹ ਜਾਣਦਾ ਸੀ ਕਿ ਇਹ ਬਰਸੇਗੀ, ਕਿਉਂਕਿ ਉਹਨੂੰ ਪ੍ਰਭੂ ਵੱਲੋਂ ਇਹਦਾ ਦਰਸ਼ਨ ਹੋਇਆ ਸੀ।

ਤੁਸੀਂ ਆਖਦੇ ਹੋ, “ਉਹਨੂੰ ਦਰਸ਼ਨ ਹੋਇਆ ਸੀ?”

153 ਹਾਂ ਸ਼੍ਰੀਮਾਨ ਜੀ! ਜਦ ਉਸਨੇ ਸਭ ਕੁਝ ਦਸਤੂਰ ਦੇ ਅਨੁਸਾਰ ਰੱਖ ਦਿੱਤਾ। ਉਹਨੇ ਕਿਹਾ, “ਪ੍ਰਭੂ, ਇਹ ਸਭ ਕੁਝ ਮੈਂ ਤੇਰੇ ਹੁਕਮ ਦੇ ਅਨੁਸਾਰ ਕੀਤਾ ਹੈ”। ਤਦ ਅੱਗ ਬਰਸਣੀ ਸ਼ੁਰੂ ਹੋ ਗਈ। ਜਦ ਖੁਦਾ ਦੇ ਵਚਨ ਦੀ ਪਾਲਣਾ ਪੂਰੀ ਤੌਰ ਨਾਲ ਕੀਤੀ ਜਾਂਦੀ ਹੈ, ਤਾਂ ਇਹ ਖੁਦਾ ਦਾ ਕੰਮ ਹੁੰਦਾ ਹੈ ਕਿ ਉਹ ਬਾਕੀ ਦੇ ਕੰਮਾਂ ਨੂੰ ਆਪ ਸੰਭਾਲੇ। ਉਹ ਸਿਰਫ਼ ਤੁਹਾਨੂੰ ਆਖਦਾ ਹੈ ਕਿ ਇਹਨੂੰ ਉੱਥੇ ਰੱਖ ਦਿਓ। ਅਤੇ ਯਕੀਨ ਜਾਣ ਲਓ ਕਿ ਤੁਸੀਂ ਇਹਨੂੰ ਉੱਥੇ ਰੱਖਣ ਦੇ ਲਈ ਬੁਲਾਏ ਗਏ ਹੋ। ਸਮਝੇ? ਅਤੇ ਜੇ ਤੁਸੀਂ ਹੋ, ਅਤੇ ਉਹ ਬਾਕੀ ਨੂੰ ਆਪੇ ਹੀ ਸੰਭਾਲ ਲਵੇਗਾ।

154 ਹੁਣ, ਇੱਥੇ ਲੋਕ ਇਸ ਪੰਗਤ ਰਾਹੀਂ ਆ ਰਹੇ ਹੋਣਗੇ, ਜਿਹਨਾਂ ਲਈ ਮੈਂ ਪ੍ਰਾਰਥਨਾ ਕਰਾਂਗਾ...ਹੁਣ ਠੀਕ ਹੈ ਭਾਈ ਤੁਸੀਂ ਤਾਂ ਲੱਗਭਗ ਕੰਧ ਦੇ ਲਾਗੇ ਹੋ। ਠੀਕ ਹੈ। ਲਾਈਨ ਨੂੰ ਸ਼ੁਰੂ ਕਰਨ ਦੇ ਲਈ। ਹੁਣ, ਪਹਿਲਾਂ, ਘੱਟੋ ਘੱਟ ਇੱਥੇ ਇਮਾਰਤ ਵਿੱਚ ਕੁਝ ਲੋਕ।

ਤੁਹਾਡੇ ਵਿੱਚੋਂ ਕਿੰਨੇ ਇੱਥੇ ਬਿਮਾਰ ਹਨ ਤੇ ਉਹਨਾਂ ਕੋਲ ਪ੍ਰਾਰਥਨਾ ਪੱਤਰ ਨਹੀਂ ਹੈ। ਆਪਣਾ ਹੱਥ ਖੜ੍ਹਾ ਕਰੋ। ਸਮਝੇ? ਸਭਨੀ ਥਾਈਂ। ਹੁਣ ਤੁਸੀਂ ਜਾਣਦੇ ਹੋ ਕਿ ਜੇ ਸਾਡਾ ਪ੍ਰਭੂ...ਮੇਰਾ ਯਕੀਨ ਹੈ ਕਿ ਉਹ ਕਰੇਗਾ। ਤੇ ਇਹ ਕਲ ਅੱਜ ਅਤੇ ਯੁਗੋਯੁੱਗ ਇੱਕੋ ਜਿਹਾ ਹੈ। ਉਹ ਪ੍ਰਾਰਥਨਾ ਪੰਗਤ ਚਲਾਉਂਦਾ ਹੈ। ਲੋਕ ਉਹਦੇ ਕੋਲ ਬਹੁਤ ਵੱਡੀ ਲਾਈਨ ਵਿੱਚ ਆਉਂਦੇ ਹਨ, ਭੀੜਾਂ ਦੀ ਭੀੜ। ਉਸਨੇ ਉਹਨਾਂ ਨੂੰ ਛੁਹਿਆ ਅਤੇ ਬਰਕਤ ਦਿੱਤੀ। ਤਦ ਕਦੇ ਕਦੇ ਉਹ ਰੁਕ ਜਾਂਦਾ ਤੇ ਆਖਦਾ, “ਮੈਨੂੰ ਕਿਹਨੇ ਛੁਹਿਆ?” ਆਲੇ ਦੁਆਲੇ ਦੇਖਿਆ ਤੇ ਇੱਕ ਔਰਤ

ਨੂੰ ਦੱਸਿਆ ਕਿ ਉਹਨੇ ਉਹਨੂੰ ਕਾਹਦੇ ਲਈ ਛੂਹਿਆ ਹੈ। ਤੇ ਆਖਿਆ, ਕਿ ਉਹਦਾ ਖੂਨ ਵਗਣਾ ਬੰਦ ਹੋ ਗਿਆ ਹੈ, ਉਹਦੇ ਵਿਸ਼ਵਾਸ ਨੇ ਉਹਨੂੰ ਚੰਗਾ ਕਰ ਦਿੱਤਾ ਸੀ।

155 ਕੀ ਭਲਾ ਜੇ ਉਹ ਮੁੜ ਕੇ ਤੇ ਆਖਦੀ, "ਠੀਕ ਹੈ ਭਾਈ ਮੈਂ ਨਹੀਂ ਜਾਣਦੀ, ਪ੍ਰਭੂ ਮੈਨੂੰ ਇਹ ਬਿਮਾਰੀ ਬਹੁਤ ਚਿਰ ਦੀ ਹੈ"? ਇਹ ਨਹੀਂ ਹੋ ਸਕਦਾ। ਨਹੀਂ, ਇਹ ਨਹੀਂ ਹੋ ਸਕਦਾ। ਨਹੀਂ।

156 ਕੀ ਭਲਾ ਜੇ ਉਹ ਕਨਾਨੀ ਔਰਤ ਨੂੰ ਆਖਦਾ, "ਇਹ ਵਚਨ ਦੇ ਕਾਰਣ, ਜਿਹੜਾ ਕਿ ਤੂੰ ਆਖਿਆ ਸੀ, ਤੇਰੀ ਧੀ, ਸ਼ੈਤਾਨ ਉਹਦੇ ਵਿੱਚੋਂ ਨਿਕਲ ਗਿਆ ਹੈ", ਜੇ ਆਖਦੀ, "ਠੀਕ ਹੈ, ਹੁਣ, ਪ੍ਰਭੂ ਮੈਂ—ਮੈਂ ਚਾਹੁੰਦੀ ਹਾਂ ਕਿ ਤੂੰ ਇਹਨੂੰ *ਇਸ* ਢੰਗ ਨਾਲ ਕਰ?" ਤੇ—ਤੇ ਸ਼ੈਤਾਨ ਅਜੇ ਵੀ ਉਸ ਕੁੜੀ ਵਿੱਚ ਰਹਿੰਦਾ। ਉਹਨੇ ਆਪਣੀ ਬੱਚੀ ਨੂੰ ਉਸੇ ਤਰ੍ਹਾਂ ਹੀ ਪਾਉਣ ਦੀ ਆਸ ਲਾਈ ਜਿਸ ਤਰ੍ਹਾਂ ਕਿ ਉਸਨੇ ਆਖਿਆ ਸੀ ਕਿ ਉਹ ਪਾਵੇਗੀ।

157 ਹੁਣ ਉਹਨੇ ਸਾਨੂੰ ਦੱਸਿਆ ਹੈ, "ਜੇ ਤੂੰ ਵਿਸ਼ਵਾਸ ਕਰੇਂ! ਜੇ ਤੂੰ ਇਸ ਪਹਾੜ ਨੂੰ ਆਖੇ ਕਿ, 'ਟਲ ਜਾ,' ਤੇ ਆਪਣੇ ਦਿਲ ਵਿੱਚ ਸ਼ੱਕ ਨਾ ਕਰੇ, ਪਰ ਵਿਸ਼ਵਾਸ ਕਰੇ ਕਿ ਜੋ ਤੁਸੀਂ ਆਖਿਆ ਹੈ ਉਹ ਹੋਵੇਗਾ, ਤੁਸੀਂ ਇਹ ਪਾ ਸਕਦੇ ਹੋ। ਜਦ ਤੁਸੀਂ ਪ੍ਰਾਰਥਨਾ ਕਰੋ, ਨਿਹਚਾ ਕਰੋ ਕਿ ਤੁਹਾਨੂੰ ਮਿਲ ਜਾਵੇਗਾ, ਇਹ ਤੁਹਾਨੂੰ ਦਿੱਤਾ ਜਾਵੇਗਾ"। ਕਿਹੋ ਜਿਹਾ ਵਾਦਾ ਹੈ!

158 ਹੁਣ ਉਹ ਆਦਮੀ ਜਿਹੜਾ ਕਿ ਸਮਾਜਿਕ ਸੁਸਮਾਚਾਰ ਦਾ ਪ੍ਰਚਾਰ ਕਰਦਾ ਹੈ ਉਹ ਤਾਂ ਇਹਨੂੰ ਬਿਲਕੁਲ ਵੀ ਨਹੀਂ ਮੰਨਦਾ ਹੈ। ਉਹ ਤਾਂ ਬੂਹੇ ਤਕ ਆਵੇਗਾ। ਅੰਦਰ ਝਾਤੀ ਮਾਰੇਗਾ ਜਾਂ ਉੱਥੇ ਖੜ੍ਹਾ ਹੋ ਜਾਵੇਗਾ ਅਤੇ ਆਖੇਗਾ ਕਿ ਠੀਕ ਹੈ ਭਾਈ ਇਹ ਕੱਟੜ ਵਾਦੀਆਂ ਦਾ ਇੱਕ ਹੋਰ ਟੋਲਾ ਅਤੇ ਦੂਰ ਚਲਿਆ ਜਾਵੇਗਾ। ਸਮਝੇ? ਪਰ ਉਹ ਇਹ ਨਹੀਂ ਜਾਣਦਾ ਕਿ ਇਹ ਗੁਪਤ ਭੋਜਨ ਹੈ। ਉਹ ਇਹਨੂੰ ਨਹੀਂ ਜਾਣਦਾ ਹੈ ਕਿ ਇਹ ਗੁਪਤ ਚੀਜ ਹੈ ਜਿਹੜੀ ਕਿ ਉਹਦੇ ਤੋਂ ਲੁਕੀ ਹੋਈ ਹੈ। ਉਹ ਇਹਨੂੰ ਨਹੀਂ ਜਾਣਦਾ ਹੈ। ਇਹ ਤਰਸਯੋਗ ਹਾਲਤ ਹੈ, ਇੱਕ ਮਨ, ਜਿਹੜਾ ਕਿ ਮੰਦਭਾਗੀ ਅੰਨਾ ਤੇ ਇਹ ਜਾਣਦਾ ਨਹੀਂ। ਸਮਝੇ? ਇਹ ਬੁਰੀ ਗੱਲ ਹੈ।

159 ਹੇ ਖੁਦਾਇਆ, ਮੈਨੂੰ ਪਹਿਲਾਂ ਮਰਨ ਦੇ, ਪਰ ਮੈਨੂੰ ਇਦਾਂ ਦਾ ਬਣਨ ਨਾ ਦੇ। ਅਤੇ ਮੈਂ ਸੋਚਦਾ ਹਾਂ ਕਿ ਸਾਡੇ ਵਿੱਚੋਂ ਹਰੇਕ, ਕੀ ਅਸੀਂ ਨਹੀਂ ਚਾਹਾਂਗੇ? (ਸਭਾ ਆਖਦੀ, "ਆਮੀਨ"—ਸੰਪਾ)

160 ਪਰ ਹੁਣ, ਖੁਦਾ ਦੇ ਅੰਤ ਦੇ ਦਿਨਾਂ ਵਿੱਚ ਸਾਡੇ ਨਾਲ ਇਹਨਾਂ ਚੀਜਾਂ ਦਾ ਵਾਈਦਾ ਕੀਤਾ ਹੈ। ਮਲਾਕੀ 4 ਵਿੱਚ ਆਖਿਆ ਹੈ ਕਿ ਯਿਸੂ ਮਸੀਹ ਹੇਠਾਂ

ਆਵੇਗਾ ਤੇ ਆਪਣੇ ਆਪ ਨੂੰ ਮਨੁੱਖੀ ਸ਼ਰੀਰ ਵਿੱਚ ਲੁਕਾਵੇਗਾ, ਜਿਵੇਂ ਕਿ ਉਸਨੇ ਸੱਦੂਮ ਵਿੱਚ ਕੀਤਾ ਸੀ। ਇਹ ਠੀਕ ਹੈ। ਅਤੇ ਕਿਹਾ, “ਸੰਸਾਰ ਸੱਦੂਮ ਦੀ ਹਾਲਤ ਵਿੱਚ ਹੋਵੇਗਾ”। ਅਤੇ ਆਖਿਆ, “ਜਿਵੇਂ ਕਿ ਤਦ ਹੋਇਆ ਸੀ ਮਨੁੱਖ ਦਾ ਪੁੱਤਰ ਉਸ ਦਿਨ ਪ੍ਰਗਟ ਹੋਵੇਗਾ”। ਸਮਝੇ, ਇਹ ਆਦਮੀ ਜਿਹੜਾ ਕਿ ਆਦਮੀ ਦੇ ਰੂਪ ਵਿੱਚ ਆਇਆ, ਜੋ ਕਿ ਏਲੋਹੀਮ ਸੀ, ਇਸ ਤੋਂ ਪਹਿਲਾਂ ਕਿ ਅਬਰਾਹਾਮ ਦੇ ਦੁਆਰਾ ਵਾਇਦੇ ਦਾ ਪੁੱਤਰ ਆਇਆ। ਧਿਆਨ ਦਿਓ ਇਹ ਕੀ ਸੀ। ਅਬਰਾਹਾਮ ਨੇ ਆਖਿਆ, “ਇਹ ਪਰਮੇਸ਼ਵਰ ਸੀ”। ਅਤੇ ਬਾਈਬਲ ਨੇ ਆਖਿਆ ਹੈ ਕਿ ਉਹਦੇ ਕੋਲ ਤਿੰਨ ਆਦਮੀ ਆਏ, ਉਹਨਾਂ ਦੇ ਕੱਪੜਿਆਂ ਤੇ ਧੂਲ ਪਈ ਹੋਈ ਸੀ। ਸਫ਼ਰ ਕਰਕੇ ਆਏ ਤੇ ਬੈਠ ਗਏ ਅਤੇ ਮਨੁੱਖ ਵਾਂਗ ਖਾਧਾ। ਅਤੇ ਯਿਸੂ ਨੇ ਆਖਿਆ, “ਜਿਸ ਸਮੇਂ ਸੰਸਾਰ ਸੱਦੂਮ ਦੀ ਹਾਲਤ ਵਿੱਚ ਆ ਜਾਵੇਗਾ, ਤਾਂ ਮਨੁੱਖ ਦਾ ਪੁੱਤਰ ਆਪਣੇ ਆਪ ਨੂੰ ਫਿਰ ਪ੍ਰਗਟ ਕਰੇਗਾ”। ਪਰਮੇਸ਼ਵਰ ਦਾ ਪੁੱਤਰ ਨਹੀਂ, ਮਨੁੱਖ ਦਾ ਪੁੱਤਰ, ਸਮਝੇ, ਆਪਣੇ ਆਪ ਨੂੰ ਪ੍ਰਗਟ ਕਰੇਗਾ।

161 ਹੁਣ ਜੋ ਆਖਰੀ ਨਬੀ ਨੇ ਆਖਿਆ, ਉਹਦੇ ਨਾਲ ਇਹ ਮਿਲਾਓ। ਵੇਖੋ ਮੈਂ ਏਲੀਯਾਹ ਨਬੀ ਨੂੰ ਤੁਹਾਡੇ ਕੋਲ ਘੱਲਦਾ ਹਾਂ, ਤੇ ਉਹ ਬੱਚਿਆਂ ਦੇ ਦਿਲ ਪਿਓਵਾਂ ਦੀ ਵੱਲ ਮੋੜੇਗਾ। ਸਮਝੇ? ਇਹ ਸੰਦੇਸ਼ ਉਹਨਾਂ ਨੂੰ ਵਾਪਿਸ ਬਾਈਬਲ ਵੱਲ ਲਿਆਉਣ ਵਾਸਤੇ ਅਤੇ ਉਸ ਦਿਨ ਵਿੱਚ ਮਨੁੱਖ ਦਾ ਪੁੱਤਰ ਆਪਣੇ ਆਪ ਨੂੰ ਪ੍ਰਗਟ ਕਰ ਰਿਹਾ ਹੋਵੇਗਾ। ਆਖਰੀ ਕਲਿਸਿਆਈ ਯੁੱਗ, ਸਗੋਂ ਸੱਤਵੇਂ ਦੂਤ ਦੇ ਅਵਾਜ ਦੇਣ ਦੇ ਦਿਨੀਂ ਪਰਮੇਸ਼ਵਰ ਦੇ ਭੇਟ ਉਸ ਦਿਨ ਤੇ ਪ੍ਰਗਟ ਕੀਤੇ ਜਾਣਗੇ। ਸੱਤ ਮੋਹਰਾਂ ਤੋੜੀਆਂ ਜਾਣਗੀਆਂ। ਇਹਨਾਂ ਕਲਿਸਿਆਵਾਂ ਦੇ ਭੇਤ ਅਤੇ ਚੀਜਾਂ ਉਹ ਕਿੰਝ ਹੋ ਤੇ ਕੀ ਹੋਇਆ।

162 ਸਮਝੇ, ਉਹ ਇਹ ਨਹੀਂ ਜਾਣਦੇ। ਯਿਸੂ ਨੇ ਕਿਹਾ, “ਤੁਸੀਂ ਅੰਨੇ ਫਰਿਸਿਓ,” ਜੇ ਅੰਨਾ ਅੰਨੇ ਦੀ ਅਗੁਵਾਈ ਕਰੇਗਾ ਤਾਂ ਕਿ ਉਹ ਦੋਵੇਂ ਖੱਡੇ ਵਿੱਚ ਨਹੀਂ ਪੈ ਜਾਣਗੇ? ਸਮਝੇ। ਇਹੋ ਹੀ ਕਾਰਣ ਹੈ ਕਿ ਉਹ ਲੋਕ ਇਹਨੂੰ ਨਹੀਂ ਸਮਝਦੇ।

163 ਇਹਦਾ ਭੇਤ ਇਹ ਹੈ, ਉਹ ਮੋਹਰਾਂ ਉਹਨਾਂ ਕਲਿਸਿਆਵਾਂ ਵਿੱਚੋਂ ਹਰੇਕ ਨੇ ਜਥੇਬੰਦੀ ਬਣਾ ਲਈ ਅਤੇ ਇਹਦੇ ਵਿੱਚ ਪ੍ਰਵੇਸ਼ ਕਰ ਗਏ, ਅਤੇ ਇਹ ਇੱਕ ਗੁਪਤ ਚੀਜ ਹੈ ਜੋ ਕਿ ਖੁਦਾ ਦੇ ਸਾਹਮਣੇ ਗਲਤ ਰਹੀ ਹੈ। ਤੁਸੀਂ ਇਹਨੂੰ ਸਮਝਦੇ ਹੋ, ਡਾਕਟਰ ਲੀਅ? ਸਮਝੇ, ਧਿਆਨ ਦਿਓ, ਇਹ ਹੈ, ਇਹ ਉਹ ਚੀਜ ਠੀਕ ਉੱਥੇ ਹੈ। ਇਹ ਇੱਕ ਭੇਦ ਹੈ। ਉਹਨਾਂ ਜਥੇਬੰਦੀ ਬਣਾ ਲਈ, ਸਮਝੇ, ਤੇ ਪਰਮੇਸ਼ਵਰ ਦੀ ਮਰਜੀ ਦੇ ਵਿੱਚੋਂ ਪੂਰੇ ਤੌਰ ਤੇ ਬਾਹਰ ਸਨ। ਇਹ ਅੰਤ ਦੇ

ਦਿਨਾਂ ਵਿੱਚ ਉਘੜਿਆ ਜਾਵੇਗਾ, ਤੇ ਲੋਕਾਂ ਦੀ ਅਗੁਵਾਈ ਕਿਸੇ ਸੱਤ ਸਿਧਾਂਤ ਜਾਂ ਮਿਸ਼ਨ ਵੱਲ ਨਹੀਂ, ਪਰ ਵਾਪਿਸ ਸੱਚੇ ਵਚਨ ਦੀ ਵੱਲ ਕੀਤੀ ਜਾਵੇਗੀ। ਅਤੇ ਸੱਚਾ ਵਚਨ ਇੱਕ ਖਾਸ ਲੋਕਾਂ ਦੇ ਸਮੂਹ ਕੋਲ ਆਵੇਗਾ। ਅਤੇ ਮਨੁੱਖ ਦਾ ਪੁੱਤਰ ਆਪਣੇ ਆਪ ਨੂੰ ਉਹਨਾਂ ਦੇ ਦਰਮਿਆਨ ਪ੍ਰਗਟ ਕਰੇਗਾ, “ਅੱਜ ਕਲ ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ”।

164 ਔਹ, ਮੇਰਿਆ! ਔਹ, ਮੈਂ ਇਹਨੂੰ ਪਿਆਰ ਕਰਦਾ ਹਾਂ। ਮੈਂ ਪਸੰਦ ਕਰਦਾ ਹਾਂ, ਮੈਂ ਉਹਦੇ ਉੱਤੇ ਜੋਰ ਦੇਣਾ ਪਸੰਦ ਕਰਦਾ ਹਾਂ। ਮੈਂ ਉਹਨੂੰ ਲੋਕਾਂ ਦੇ ਸਾਹਮਣੇ ਵੱਡਾ ਬੁਲਾਉਣਾ ਚਾਹੁੰਦਾ ਹਾਂ। ਮੈਨੂੰ ਉਹਨੂੰ ਵੱਡਾ ਬੁਲਾਉਣ ਦੀ ਲੋੜ ਨਹੀਂ ਹੈ, ਉਹ ਤਾਂ ਪਹਿਲਾਂ ਹੀ ਵੱਡਾ ਹੈ। ਉਹ ਇੰਨਾ ਉੱਚ ਹੈ ਕਿ ਤੁਸੀਂ ਉਹਦੇ ਉੱਤੋਂ ਦੀ ਨਹੀਂ ਹੋ ਸਕਦੇ। ਉਹ ਇੰਨਾਂ ਡੂੰਗਾ ਹੈ ਕਿ ਤੁਸੀਂ ਉਸਦੇ ਥੱਲੇ ਨਹੀਂ ਹੋ ਸਕਦੇ। ਉਹ ਇੰਨਾਂ ਚੌੜਾ ਹੈ ਕਿ ਤੁਸੀਂ ਉਹਦੇ ਆਲੇ ਦੁਆਲੇ ਨਹੀਂ ਹੋ ਸਕਦੇ। ਅਤੇ ਤਦ ਹੀ ਤੁਹਾਡੇ ਦਿਲ ਵਿੱਚ ਉਹਦੇ ਲਈ ਜਗ੍ਹਾ ਹੈ। ਕੀ ਤੁਸੀਂ ਇਹਨੂੰ ਕਬੂਲ ਨਹੀਂ ਕਰੋਗੇ। ਸਾਡਾ ਪ੍ਰਭੂ ਕਿੰਨਾ ਅਦਭੁਤ ਹੈ! ਠੀਕ ਹੈ।

165 ਹੁਣ ਆਓ ਹਰੇਕ ਜਨ ਪੂਰੇ ਤੌਰ ਤੇ ਸ਼ਾਂਤ ਹੋ ਜਾਏ। ਹੁਣ, ਅਸੀਂ ਇਸਦੇ ਬਾਰੇ ਵਿੱਚ ਗੱਲਬਾਤ ਕੀਤੀ ਹੈ। ਅਤੇ ਹੁਣ ਇਹਦੀ ਚੀਜ਼ ਕੀ ਹੈ, ਕੀ ਇਹ ਸੱਚ ਹੈ? ਹੁਣ ਹੋ ਸਕਦਾ ਹੈ ਕਿ ਇੱਥੇ ਕੁਝ ਉਪਰੇ ਹੋਣ। ਮੈਂ ਤੁਹਾਨੂੰ ਆਖ ਸਕਦਾ ਹਾਂ ਕਿ ਜੇ ਯਿਸੂ ਮਸੀਹ ਅੱਜ ਕਲ ਤੇ ਯੁਗੋਂ ਯੁੱਗ ਇੱਕੋ ਜਿਹਾ ਹੈ ਤਾਂ ਉਹ ਇੱਕ ਪਲ ਵਿੱਚ ਕੀ ਕਰੇਗਾ? ਉਹ ਉਹੋ ਹੀ ਕੰਮ ਕਰੇਗਾ ਜੋ ਉਸਨੇ ਕੀਤੇ ਸਨ ਜਦ ਉਹ ਪਹਿਲਾਂ ਇੱਥੇ ਆਇਆ ਸੀ। ਕੀ ਇਹ ਠੀਕ ਹੈ? ਲੋਕਾਂ ਦਾ ਵਿਸ਼ਵਾਸ ਉਹਦਾ ਵਸਤਰ ਛੁਹੇਗਾ, ਅਤੇ ਉਹ ਮੁੜੇਗਾ। ਜਿਵੇਂ ਕਿ ਉਸਨੇ ਖੂਹ ਉੱਤੇ ਆਈ ਇਸਤ੍ਰੀ ਨਾਲ ਕੀਤਾ ਅਤੇ ਉਹਨੇ ਦੂਸਰੀਆਂ ਥਾਵਾਂ ਤੇ ਕੀਤਾ, ਉਹਨੇ ਉਹਨਾਂ ਦੇ ਵਿਚਾਰ ਜਾਣ ਲਏ।

ਹੁਣ ਤੁਸੀਂ ਆਖਦੇ ਹੋ, “ਉਹ ਮੈਨੂੰ ਚੰਗਾ ਕਰ ਸਕਦਾ ਹੈ?”

166 ਉਹਦਾ ਵਚਨ ਆਖਦਾ ਹੈ ਕਿ ਉਹਨੇ ਪਹਿਲਾਂ ਹੀ ਇਹ ਕਰ ਦਿੱਤਾ ਹੈ। ਪਰ ਇਹਦੇ ਬਾਰੇ ਗੱਲ ਇਹ ਹੈ ਕਿ ਆਪਣੇ ਆਪ ਨੂੰ ਪ੍ਰਗਟ ਕਰਨਾ ਕਿ ਉਹ ਇੱਥੇ ਹੈ।

167 ਹੁਣ, ਜੇ ਉਹ ਸਾਨੂੰ ਸ਼ਰੀਰਕ ਦੇਹ ਵਿੱਚ ਵਿਖਾਈ ਦੇਵੇ ਉਹ ਬਿਲਕੁਲ ਠੀਕ *ਹੋਫਮੈਨ ਦੁਆਰਾ ਉਲੀਕਿਆ ਹੋਇਆ ਤੇਤੀ ਸਾਲ ਦਾ ਮਸੀਹ ਦਾ ਸਿਰ* ਜਾਪੇ। ਤੇ ਉਹਦੇ ਹੱਥ ਵਿੱਚ ਖੂਨ ਵਗਦਾ ਹੋਵੇ ਅਤੇ ਹੋਰ ਹੋਰ। ਕਿਲ੍ਹਾਂ ਦੇ ਨਿਸ਼ਾਨ ਉਹਦੇ ਸਾਰੇ ਸ਼ਰੀਰ ਤੇ ਹੋਣ, ਮੈਂ ਇਹਨੂੰ ਕਬੂਲ ਨਹੀਂ ਕਰਾਂਗਾ। ਨਹੀਂ, ਨਹੀਂ, ਨਹੀਂ, ਨਹੀਂ। ਜਦ ਉਹ ਖੁਦ ਆਪ ਆਵੇਗਾ, ਹਰੇਕ ਅੱਖ ਉਹਨੂੰ ਵੇਖੇਗੀ। ਹਰੇਕ

ਜੀਭ ਉਹਦਾ ਅੰਗੀਕਾਰ ਕਰੇਗੀ। ਅਤੇ ਜਿਵੇਂ ਬਿਜਲੀ ਚੜਦਿਉਂ ਲਹਿੰਦੇ ਨੂੰ ਆਉਂਦੀ ਹੈ, ਇੰਝ ਹੀ ਇਹ ਹੋਵੇਗਾ। ਸਮਝੇ? ਅਸੀਂ ਇਹਨਾਂ ਮੱਤ ਅਤੇ ਪੰਥਾਂ ਵਿੱਚ ਵਿਸ਼ਵਾਸ ਨਹੀਂ ਕਰਦੇ। ਅਸੀਂ ਨਿਹਚਾ ਕਰਦੇ ਹਾਂ ਕਿ ਪਰਮੇਸ਼ਵਰ ਵਚਨ ਹੈ।

168 ਪਰ ਉਹ ਤਾਂ ਸ਼ਰੀਰ ਧਾਰਦਾ ਹੈ, ਤੁਹਾਡਾ ਸ਼ਰੀਰ ਲੈ ਕੇ ਤੇ ਮੇਰਾ ਸ਼ਰੀਰ ਲਈ ਕੇ ਤੁਹਾਨੂੰ ਵਰਦਾਨ ਦਿੰਦਾ ਹੈ। ਤੇ ਮੈਨੂੰ ਵਰਦਾਨ ਦਿੰਦਾ ਹੈ ਅਤੇ ਇਹਨਾਂ ਵਰਦਾਨਾਂ ਦੇ ਦੁਆਰਾ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਇਹ ਗੁਪਤ ਭੋਜਨ। ਕੋਈ ਗੱਲ ਨਹੀਂ ਕਿ ਉਹ ਕਿੰਨਾਂ ਕੁ ਮੇਰੇ ਤੇ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਤੁਹਾਨੂੰ ਇਹਦਾ ਵਿਸ਼ਵਾਸ ਕਰਨ ਪਵੇਗਾ। ਤੁਹਾਡੇ ਕੋਲ ਵਿਸ਼ਵਾਸ ਦਾ ਵਰਦਾਨ ਵੀ ਹੋਣਾ ਚਾਹੀਦਾ ਹੈ ਇਹਨੂੰ ਮੰਨਣ ਲਈ। ਕੀ ਤੁਸੀਂ ਇਹਦਾ ਯਕੀਨ ਕਰਦੇ ਹੋ? (ਸਭਾ ਆਖਦੀ ਹੈ, "ਆਮੀਨ"—ਸੰਪਾ) ਅਤੇ ਹੁਣ ਜੇ ਉਹ ਆਪਣੇ ਆਪ ਨੂੰ ਇਸ ਤਰ੍ਹਾਂ ਪ੍ਰਗਟ ਕਰੇ, ਕੀ ਤੁਸੀਂ ਇਸਦਾ ਯਕੀਨ ਕਰੋਗੇ? ("ਆਮੀਨ") ਆਪਣੇ ਸਾਰੇ ਦਿਲ ਨਾਲ, ਤੁਸੀਂ ਉਹਦਾ ਵਿਸ਼ਵਾਸ ਕਰੋਗੇ? ਔਹ, ਕਿੰਨਾਂ ਅਦਭੁਤ ਹੈ! ਬਸ ਉਹਦੀ ਉਡੀਕ ਕਰਨੀ। ਇਹ ਵੇਖਣ ਲਈ ਉਡੀਕਣਾ ਕਿ ਉਹ ਕੀ ਆਖਦਾ ਹੈ।

169 ਇੱਥੇ ਇੱਕ ਆਦਮੀ ਖੜ੍ਹਾ ਹੈ, ਮੈਂ ਉਹਨੂੰ ਕਦੇ ਵੀ ਆਪਣੇ ਜੀਵਨ ਵਿੱਚ ਨਹੀਂ ਵੇਖਿਆ ਹੈ ਜਿਨ੍ਹਾਂ ਕੁ ਕਿ ਮੈਂ ਜਾਣਦਾ ਹਾਂ। ਇੱਕ ਚੰਗਾ ਮਜਬੂਤ ਅਤੇ ਸੇਹਤਮੰਦ ਜਾਪਦਾ ਹੈ। ਅਤੇ ਇਹ ਸ਼ਾਇਦ ਹੈ ਮੈਂ ਨਹੀਂ ਜਾਣਦਾ। ਪਰ ਉਹ ਉੱਥੇ ਖੜ੍ਹਾ ਹੈ। ਹੁਣ ਮੈਂ ਜਾਂ ਕੇ ਉਸ ਆਦਮੀ ਦੇ ਉੱਤੇ ਹੱਥ ਰੱਖ ਸਕਦਾ ਹਾਂ, ਅਤੇ ਉਹਦੇ ਲਈ ਪ੍ਰਾਰਥਨਾ ਕਰ ਸਕਦਾ ਹਾਂ, ਉਹਨੂੰ ਪੁੱਛਾਂਗਾ ਕਿ ਉਹ ਵਿਸ਼ਵਾਸ ਕਰੇਗਾ। ਉਹ ਇੱਥੇ ਖੜ੍ਹਾ ਹੋ ਕੇ ਮੈਨੂੰ ਦੱਸ ਸਕਦਾ ਹੈ, "ਮੈਂ ਚਾਹੁੰਦਾ ਹਾਂ ਕਿ ਤੁਸੀਂ ਫਲਾਣੇ ਫਲਾਣੇ ਦੇ ਲਈ ਪ੍ਰਾਰਥਨਾ ਕਰੋ। ਮੈਨੂੰ ਫਲੇਨ ਅਰਚੇਸ ਹੈ। ਮੈਨੂੰ ਲਗਾਤਾਰ ਸਿਰ ਦਰਦ ਹੁੰਦਾ ਰਹਿੰਦਾ ਹੈ। ਮੇਰੇ ਪੇਟ ਵਿੱਚ ਫੋੜਾ ਹੈ", ਜਾਂ ਕੁਝ। ਉਹ, ਉਹ ਮੈਂ ਨਹੀਂ ਜਾਣਦਾ ਉਹ ਉਹਨਾਂ ਵਿੱਚੋਂ ਕੁਝ ਵੀ ਆਖ ਸਕਦਾ ਹੈ।

170 ਮੈਂ ਆਖਾਂਗਾ,"ਠੀਕ ਹੈ, ਸ਼੍ਰੀ ਮਾਨ ਜੀ, ਭਾਈ ਜੀ। ਮੈਂ ਤੁਹਾਡੇ ਹੱਥ ਤੁਹਾਡੇ ਤੇ ਰੱਖਾਂਗਾ, ਤੇ ਤੁਹਾਡੇ ਲਈ ਪ੍ਰਾਰਥਨਾ ਕਰਾਂਗਾ"। ਇਹ ਤਾਂ ਸੰਪੂਰਨ ਤੌਰ ਤੇ ਠੀਕ ਹੋਵੇਗਾ। ਇਹ ਤਾਂ ਬਿਲਕੁਲ ਠੀਕ ਹੈ ਜੋ ਕੁਝ ਅਸੀਂ ਸਾਰੇ ਯੁੱਗ ਥਾਣੀ ਕਰਦੇ ਰਹੇ ਹਾਂ। ਕੀ ਇਹ ਠੀਕ ਹੈ?

171 ਪਰ ਯਾਦ ਰਹੇ, ਯਿਸੂ ਨੇ ਕਿਹਾ ਇਹ ਫਰਕ ਹੋਵੇਗਾ ਉਹਦੀ ਆਮਦ ਦੇ ਸਮੇਂ, ਜਿਵੇਂ ਕਿ ਸੱਦੂਮ ਦੇ ਸਮੇਂ ਸੀ। ਅਤੇ ਉਹ ਆਦਮੀ ਜਿਹੜਾ ਉੱਥੇ

ਆਇਆ। ਉਸਨੇ ਆਪਣੀ ਪਿੱਠ ਉਸ ਤੰਬੂ ਵੱਲ ਕੀਤੀ ਹੋਈ ਸੀ ਜਿੱਥੇ ਸਾਰਾਹ ਸੀ ਅਤੇ ਉਹਨੇ ਕਿਹਾ, (ਹੁਣ "ਅਬਰਾਮ" ਨਹੀਂ) "ਅਬਰਾਹਾਮ"।

172 ਇੱਕ ਦਿਨ ਪਹਿਲਾਂ ਉਹ ਅਬਰਾਮ ਸੀ। ਪਰ ਉਹਨੂੰ ਦਰਸ਼ਨ ਹੋਇਆ ਅਤੇ ਪ੍ਰਭੂ ਨੇ ਉਹਨੂੰ ਦੱਸਿਆ, "ਮੈਂ ਤੇਰਾ ਨਾਮ ਬਦਲਣ ਵਾਲਾ ਹਾਂ"।

173 ਤੇ ਖੁਦਾਵੰਦ ਖੁਦਾ ਆਪ ਇੱਥੇ, ਮਨੁੱਖ ਦੇ ਰੂਪ ਵਿੱਚ ਖਾ ਪੀ ਰਿਹਾ ਸੀ ਅਬਰਾਹਾਮ ਦੇ ਨਾਲ। ਆਖਿਆ, "ਅਬਰਾਹਾਮ ਤੇਰੀ ਪਤਨੀ ਸਾਰਾਹ ਕਿੱਥੇ ਹੈ?" ਸਾ-ਰਾਹ, ਸਾਰਾ ਹੀ ਨਹੀਂ।

ਉਸਨੇ ਕਿਹਾ, "ਉਹ ਤੰਬੂ ਵਿੱਚ ਹੈ, ਤੇਰੇ ਪਿੱਛੇ"।

174 ਆਖਿਆ, "ਪੱਚੀ ਸਾਲ ਪਹਿਲਾਂ ਦੇ ਵਾਇਦੇ ਦੇ ਮੁਤਾਬਕ ਮੈਂ ਤੈਨੂੰ ਦਰਸ਼ਨ ਦਿਆਂਗਾ"।

175 ਅਤੇ ਸਾਰਾਹ ਇੱਕ ਕਿਸਮ ਨਾਲ ਆਪਣੇ ਆਪ ਵਿੱਚ ਹੱਸੀ। ਉਹਨੇ ਕਿਹਾ, "ਸਾਰਾਹ ਤੰਬੂ ਵਿੱਚ ਹੱਸੀ। ਤਦ ਹੀ, ਆਖਦੀ ਹੋਈ ਕਿ, 'ਕਿੰਝ ਇਹ ਚੀਜ਼ਾਂ ਹੋ ਸਕਦੀਆਂ ਹਨ'"। ਊਹ—ਊਹ "ਕੀ ਖੁਦਾ ਦੇ ਲਈ ਕੋਈ ਚੀਜ਼ ਔਖੀ ਹੈ?" ਸਮਝੇ? ਕੁਝ ਨਹੀਂ। ਨਹੀਂ, ਸ਼੍ਰੀ ਮਾਨ ਜੀ।

176 ਹੁਣ ਉਹਨੇ ਕਿਹਾ, ਯਿਸੂ ਨੇ ਇਹਦਾ ਵਾਈਦਾ ਕੀਤਾ ਹੈ, "ਉਹ, ਮਨੁੱਖ ਦਾ ਪੁੱਤਰ," ਜੋ ਕਿ ਵਚਨ ਹੈ, (ਕੀ ਤੁਸੀਂ ਇਹਦਾ ਵਿਸ਼ਵਾਸ ਕਰਦੇ ਹੋ?) "ਆਖਰੀ ਦਿਨਾਂ ਵਿੱਚ ਆਵੇਗਾ ਤੇ ਜਦ ਸੰਸਾਰ ਸੱਦੂਮ ਅਤੇ ਅਮੂਰਾਹ ਵਰਗਾ ਹੋਵੇਗਾ। ਉਸ ਸਮੇਂ ਉਹ ਆਪਣੇ ਆਪ ਨੂੰ ਪ੍ਰਗਟ ਕਰੇਗਾ"। ਤੁਸੀਂ ਨਿਹਚਾ ਕਰਦੇ ਹੋ ਕਿ ਇਹ ਠੀਕ ਹੈ?

177 ਇੱਕ ਪ੍ਰਾਰਥਨਾ ਤੋਂ ਪਹਿਲਾਂ, ਤੁਹਾਡੇ ਵਿੱਚੋਂ ਕੁਝ ਜਿਹੜੇ ਬਾਹਰ ਹਨ। ਪ੍ਰਾਰਥਨਾ ਕਰੋ ਅਤੇ ਵੇਖੋ ਕਿ ਮਨੁੱਖ ਦਾ ਪੁੱਤਰ ਅੱਜ ਕਲ ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ। ਵੇਖੋ ਜੇ ਉਹ ਹੈ, ਕਿਹਾ, "ਪ੍ਰਭੂ, ਮਨੁੱਖ ਮੈਨੂੰ ਨਹੀਂ ਜਾਣਦੇ, ਪਰ ਮੈਂ ਜਾਣਦਾ ਹਾਂ ਕਿ ਤੂੰ ਅੱਜ ਕਲ ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈਂ"। ਵੇਖੋ ਕਿ ਕੀ ਉਹ ਤੁਹਾਨੂੰ ਉਹ ਦੱਸਦਾ ਹੈ।

ਹਾਂ, ਸ਼੍ਰੀਮਾਨ। ਹੁਣ ਆਪਣੇ ਸਿਰਾਂ ਨੂੰ ਉਤਾਂਹ ਕਰੋ ਥੋੜ੍ਹੀ ਦੇਰ।

178 ਇਹ ਮੇਰੇ ਪਿੱਛੇ ਹੈ। ਇਹ ਇੱਕ ਬੱਚਾ ਹੈ। ਤੇ ਇਹ ਠੀਕ ਹੁਣੇ ਬੁਖਾਰ ਨਾਲ ਤੱਪ ਰਿਹਾ ਹੈ। ਇਹ ਛੋਟੀ ਜਿਹੀ ਕੁੜੀ ਹੈ। ਤੁਸੀਂ ਸ਼ਹਿਰ ਤੋਂ ਬਾਹਰ ਦੇ ਹੋ। ਬੱਚੀ ਨੂੰ ਪੇਟ ਦਾ ਨੁਕਸ ਹੈ। ਇਹਨੇ ਕੀਤਾ। ਬਸ ਨਿਹਚਾ ਕਰੋ।

179 ਹੁਣ ਕੀ ਇਹ ਉਹ ਹੈ ਜੋ ਉਹਨੇ ਆਖਿਆ ਕਿ ਉਹ ਕਰੇਗਾ। ਮੈਂ ਉਸ ਆਦਮੀ ਨੂੰ ਕਦੇ ਵੀ ਆਪਣੀ ਜਿੰਦਗੀ ਵਿੱਚ ਨਹੀਂ ਵੇਖਿਆ ਹੈ। ਸਵਰਗ ਵਿੱਚ ਪਰਮੇਸ਼ਵਰ ਇਹਨੂੰ ਜਾਣਦਾ ਹੈ।

180 ਇਹ ਆਦਮੀ ਇੱਥੇ, ਉਹ ਬੜਾ ਬਲਵਾਨ ਅਤੇ ਸੇਹਤਮੰਦ ਜਾਪਦਾ ਹੈ। ਪਰ ਉੱਥੇ ਉਹਦੇ ਉੱਤੇ ਪਰਛਾਵੇਂ ਨੂੰ ਵੇਖੋ। ਇਹਦਾ ਅਰਥ ਹੈ ਕਿ ਜਦ ਤਕ ਖੁਦਾ ਉਹਦੀ ਮੱਦਦ ਨਾ ਕਰੇ, ਤਾਂ ਉਹ ਬਹੁਤ ਚਿਰ ਇੱਥੇ ਨਹੀਂ ਰਹੇਗਾ। ਉਹਨੂੰ ਕੈਂਸਰ ਦਾ ਰੋਗ ਹੈ। ਇਹ ਤੁਹਾਡੇ ਫੇਫੜੇ ਵਿੱਚ ਹੈ।

ਹੁਣ, ਮਨੁੱਖ ਦਾ ਪੁੱਤਰ ਇੱਥੇ ਹੈ।

ਉਹਦੇ ਦਿਲ ਉੱਤੇ ਇੱਕ ਛੋਟੇ ਮੁੰਡੇ ਦੇ ਲਈ ਬੋਝ ਹੈ, ਇੱਕ ਛੋਟਾ ਬੱਚਾ। ਕੀ ਇਹ ਠੀਕ ਹੈ? ਤੁਸੀਂ ਨਿਹਚਾ ਕਰਦੇ ਹੋ ਕਿ ਖੁਦਾ ਮੈਨੂੰ ਦੱਸ ਸਕਦਾ ਹੈ ਕਿ ਬੱਚੇ ਨੂੰ ਕੀ ਨੁਕਸ ਹੈ? (ਭਾਈ ਕਹਿੰਦਾ ਹੈ, "ਮੈਂ ਜਾਣਦਾ ਹਾਂ ਕਿ ਉਹ ਕਰ ਸਕਦਾ"।—ਸੰਪਾ) ਉਹ ਦੱਸ ਸਕਦਾ ਹੈ। ਉਹਨੂੰ ਮਿਰਗੀ ਵਰਗ ਦੌਰਾ ਪੈਂਦਾ ਹੈ। ਤੇ ਹੁਣੇ ਜਿਹੇ ਵੀ ਉਹਨੂੰ ਇੱਕ ਪਿਆ ਸੀ। ("ਅੱਜ ਸਵੇਰ") ਇਹ ਠੀਕ ਹੈ, ਅੱਜ ਸਵੇਰ। ਅਤੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਸੀਂ ਉਸ ਮੁੰਡੇ ਦੀ ਪਾਲਣਾ ਕਰਨ ਵਾਸਤੇ ਜਿਉਂਦੇ ਰਹੋਗੇ, ਤੇ ਉਹ ਠੀਕ ਹੋ ਜਾਵੇਗਾ। ("ਹਾਂ")

181 ਚਾਰਲੀ ਕੋਕਸ ਕੌਣ ਸੀ? ਉਹ ਕਿੱਥੇ ਹੈ? ਚਾਰਲੀ, ਤੂੰ ਕਿੱਥੇ ਹੈਂ? ਮੈਂ ਸੋਚਿਆ ਕਿ ਉਹ ਅੱਜ ਰਾਤ ਇੱਥੇ ਸੀ, ਇੱਥੇ ਚਾਰਲੀ। ਗੈਰੀ ਤੂੰ ਕਿੱਥੇ ਹੈਂ? ਲੈਰੀ ਕੀ ਉਹ ਇੱਥੇ ਹੈ? ਉਹਦੇ ਛੋਟੇ ਮੁੰਡੇ ਨੂੰ ਵੀ ਇਹੋ ਹੀ ਨੁਕਸ ਸੀ, ਬਿਲਕੁਲ ਇਹੀ ਨੁਕਸ। ਲੈਰੀ, ਤੂੰ ਕਿੱਥੇ ਹੈਂ? ਇੱਕ ਮਿੰਟ ਇੱਥੇ ਆ। ਠੀਕ ਹੈ, ਇੱਥੇ ਤੂੰ ਹੈਂ। ਇਸ ਛੋਟੇ ਮੁੰਡੇ ਨੂੰ ਇੱਥੇ ਇਹੋ ਹੀ ਨੁਕਸ ਸੀ। ਉਸਦੀ ਮਾਤਾ ਅਤੇ ਉਹਦਾ ਪਿਤਾ ਮੇਰੇ ਬਹੁਤ ਹੀ ਚੰਗੇ ਮਿੱਤਰ ਹਨ। ਕੁਝ ਸਾਲ ਪਹਿਲਾਂ ਮੈਂ ਉੱਥੇ ਗਿਆ ਅਤੇ ਇਸ ਛੋਟੇ ਮੁੰਡੇ ਨੂੰ ਦੌਰੇ ਪੈਂਦੇ ਸਨ ਬਸ ਨੇਹਰੀ ਪੈਂਦੀ ਅਤੇ ਮੁਰਝਾ ਜਾਂਦਾ। ਇਹ ਮਿਰਗੀ ਸੀ। ਮੈਂ ਇਹ ਛੋਟੇ ਮੁੰਡੇ ਤੇ ਛੜੀ, ਖੁਦਾ ਨੂੰ ਆਖਿਆ, ਕਿ ਉਹਨੂੰ ਚੰਗਾ ਕਰੇ। ਉਸ ਤੋਂ ਬਾਅਦ ਉਹਨੂੰ ਕਦੇ ਦੌਰਾ ਨਹੀਂ ਪਿਆ। ਇਹ ਉਹਦਾ ਪਿਤਾ ਹੈ; ਉਹਦੀ ਮਾਂ ਇੱਥੇ ਕੀਤੇ ਬੈਠੀ ਹੋਈ ਹੈ। ਇੱਥੇ ਉਹ ਛੋਟਾ ਮੁੰਡਾ ਖੁਦ ਆਪ ਹੈ।

182 ਹੁਣ ਸ਼੍ਰੀ ਮਾਨ ਜੀ ਤੁਸੀਂ ਨਿਹਚਾ ਕਰਦੇ ਹੋ। (ਲੈਰੀ, ਤੁਹਾਡਾ ਧੰਨਵਾਦ) ਸ਼੍ਰੀ ਮਾਨ ਜੀ, ਤੁਸੀਂ ਨਿਹਚਾ ਕਰਦੇ ਹੋ? ਕਾਸ਼ ਕਿ ਸਵਰਗ ਦਾ ਪਰਮੇਸ਼ਵਰ ਤੁਹਾਨੂੰ ਵੀ ਉਹੋ ਹੀ ਚੀਜ਼ ਬਖਸ਼ ਦੇਵੇ। ਤੁਹਾਨੂੰ ਉਸ ਬੱਚੇ ਨੂੰ ਪਾਲਣ ਲਈ ਜਿੰਦਗੀ ਬਖਸ਼ ਦੇਵੇ, ਖੁਦਾ ਤੁਹਾਨੂੰ ਬਰਕਤ ਦੇਵੇ।

ਆਓ ਪ੍ਰਾਰਥਨਾ ਕਰੀਏ।

183 ਪਿਆਰੇ ਖੁਦਾ ਉਹਦੀ ਮੱਦਦ ਕਰ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੇਰੀ ਦਯਾ ਅਤੇ ਕਿਰਪਾ ਉਹਦੇ ਉੱਤੇ ਹੋਵੇਗੀ ਅਤੇ ਉਹਨੂੰ ਬਰਕਤ ਦੇ। ਯਿਸੂ ਦੇ ਨਾਮ ਵਿੱਚ।

184 ਹੁਣ ਵਾਪਿਸ ਲੋਇਸੀਅਨਾ ਜਾਓ, ਖੁਸ਼, ਉਹਦੇ ਲਈ ਖੁਦਾ ਦੀ ਵਡਿਆਈ ਕਰੋ।

185 ਔਹ, ਹਾਂ ਜੀ, ਉਹ ਲੋਇਸੀਅਨਾ ਤੋਂ ਸੀ, ਯਕੀਨਨ ਸੀ, ਲੇਕ ਚਾਰਲਸ ਦੇ ਦੁਆਲੇ। ਠੀਕ ਹੈ। ਸਮਝੇ, ਹੁਣ ਮੈਂ ਤੁਹਾਡੇ ਵਿਚਾਰ ਫੜ੍ਹ ਸਕਦਾ ਹਾਂ। ਖੁਦਾ ਦੀ ਵਡਿਆਈ ਹੋਵੇ।

186 ਠੀਕ ਹੈ ਭਾਈ, ਤੁਸੀਂ ਇੱਕ ਚੰਗੀ ਗੱਲ ਪੁੱਛ ਰਹੇ ਹੋ। ਤੁਸੀਂ ਇੱਕ ਬੱਚਾ ਚਾਹੁੰਦੇ ਹੋ। ਤੁਹਾਡੇ ਪਹਿਲਾਂ ਵੀ ਬੱਚੇ ਹਨ, ਤੇ ਤੁਸੀਂ ਇੱਕ ਹੋਰ ਚਾਹੁੰਦੇ ਹੋ। ਮੇਰੀ ਭੈਣ ਸਵਰਗ ਦਾ ਪਰਮੇਸ਼ਵਰ ਤੁਹਾਨੂੰ ਇਹ ਬਖਸ਼ ਦੇਵੇ। ਇੱਥੇ ਆਓ, ਮੈਂ ਬਸ ਹੱਥ ਰੱਖਣਾ ਚਾਹੁੰਦਾ ਹਾਂ।

187 ਪਿਆਰੇ ਖੁਦਾ ਇਸ ਔਰਤ ਨੂੰ ਉਹਦੇ ਦਿਲ ਦੀ ਇੱਛਾ ਬਖਸ਼ ਦੇਹ, ਕਿਉਂਕਿ ਉਹ ਯੋਗ ਗੱਲ ਹੈ। ਯਿਸੂ ਦੇ ਨਾਮ ਵਿੱਚ ਆਮੀਨ।

ਹੁਣ ਜਾਓ ਤੇ ਬੱਚਾ ਪਾਓ।

188 ਖੁਦਾ ਇੱਕ ਚੰਗਾ ਖੁਦਾ ਹੈ। ਕੀ ਤੁਸੀਂ ਇਹ ਨਿਹਚਾ ਕਰਦੇ ਹੋ? (ਸਭਾ ਆਖਦੀ ਹੈ, "ਆਮੀਨ"—ਸੰਪਾ) ਜਿਹੜੀ ਸਾਨੂੰ ਲੋੜ ਹੈ ਉਹ ਸਭ ਜਾਣਦਾ ਹੈ। ਜੇ ਅਸੀਂ ਨਿਹਚਾ ਕਰੀਏ ਤਾਂ ਉਹ ਸਾਡੀ ਹਰੇਕ ਲੋੜ ਨੂੰ ਪੂਰਿਆਂ ਕਰਦਾ ਹੈ। ਉਹਨੇ ਆਖਿਆ ਹੈ, "ਜੇ ਤੂੰ ਨਿਹਚਾ ਕਰੇ"।

189 ਮੈਂ ਤੁਹਾਡੇ ਨਾਲ ਕਿਤੇ ਹੱਥ ਮਿਲਾਇਆ ਸੀ। ਮੈਨੂੰ ਯਾਦ ਨਹੀਂ ਕਿ ਕਿੱਥੇ ਇਹ ਸੀ, ਪਰ ਕਿਤੇ ਮੈਂ ਤੁਹਾਡੇ ਨਾਲ ਹੱਥ ਮਿਲਾਇਆ ਸੀ। ਮੈਨੂੰ ਠੀਕ ਤਰ੍ਹਾਂ ਨਾਲ ਯਾਦ ਨਹੀਂ, ਪਰ ਅਸੀਂ ਕਿਤੇ ਤਾਂ ਸੀ, ਅੱਜ ਕਿਤੇ ਪਰ ਮੈਂ ਨਹੀਂ ਜਾਣਦਾ ਕਿ ਇਹ ਕਿੱਥੇ ਸੀ। ਪਰ ਇਹ ਨਹੀਂ ਸੀ ਕਿੱਥੇ ਤੇ ਅਸੀਂ ਕਾਹਦੇ ਲਈ ਗੱਲਬਾਤ ਕਰਨ ਵਾਸਤੇ ਇੱਥੇ ਹਾਂ। ਤੁਸੀਂ ਇੱਥੇ ਗੱਲਬਾਤ ਕਰਨ ਲਈ ਜਾਂ ਪ੍ਰਾਰਥਨਾ ਕਰਨ ਲਈ ਚਾਹੁੰਦੇ ਹੋ ਕਿ ਮੈਂ ਕਿਸੇ ਹੋਰ ਲਈ ਪ੍ਰਾਰਥਨਾ ਕਰਾਂ। ਇਹ ਠੀਕ ਹੈ। ਉਹ ਇੱਥੇ ਨਹੀਂ ਹੈ। ਉਹ ਜਾਰਜੀਆ ਵਿੱਚ ਬਿਮਾਰ ਹੈ। ਉਹ ਸਿਰਫ਼ ਸ਼ਰੀਰਕ ਤੌਰ ਤੇ ਹੀ ਬਿਮਾਰ ਨਹੀਂ ਹੈ ਪਰ ਉਹ ਆਤਮਕ ਤੌਰ ਤੇ ਵੀ ਬਿਮਾਰ ਹੈ। ਤੁਹਾਡਾ ਚਚੇਰਾ ਭਾਈ। ਤੁਸੀਂ ਨਿਹਚਾ ਕਰਦੇ ਹੋ ਕਿ ਖੁਦਾ ਇਹਦੀ ਵੀ ਦੇਖ ਭਾਲ ਕਰੇਗਾ? ਕੀ ਤੁਸੀਂ ਕਰਦੇ ਹੋ? ਕਿਉਂਕਿ ਤੁਸੀਂ ਇਹੀਦੇ ਲਈ ਖੜ੍ਹੇ ਹੋ। ਤੁਸੀਂ ਇੱਥੇ ਆਓ ਤੇ ਆਓ ਇਕੱਠੇ ਪ੍ਰਾਰਥਨਾ ਕਰੀਏ।

190 ਪਿਆਰੇ ਖੁਦਾ, ਇਸ ਆਦਮੀ ਦੇ ਦਿਲ ਦੀ ਇੱਛਾ ਬਖਸ਼ ਦੇ, ਤਾਂ ਕਿ ਉਹ ਆ ਕੇ ਇਸ ਆਦਮੀ ਨੂੰ ਖੁਦਾ ਦੇ ਲਈ ਪੁਕਾਰਦਾ ਲੱਭੇ। ਯਿਸੂ ਮਸੀਹ ਦੇ ਨਾਮ ਵਿੱਚ ਮੈਂ ਇਹ ਆਖਦਾ ਹਾਂ, ਆਮੀਨ।

ਖੁਦਾ ਤੁਹਾਨੂੰ ਬਰਕਤ ਦੇਵੇ। ਸ਼ੱਕ ਨ ਕਰੋ। ਆਪਣੇ ਸਾਰੇ ਦਿਲ ਨਾਲ ਨਿਹਚਾ ਕਰੋ।

191 ਤੁਹਾਡਾ ਕੀ ਹਾਲ ਚਾਲ ਹੈ? ਇਹ ਇਹ ਨਹੀਂ ਸੀ ਕਿ ਤਦ ਮੈਂ ਤੁਹਾਡੇ ਨਾਲ ਹੱਥ ਮਿਲਾਉਣ ਲਈ ਹੱਥ ਨਹੀਂ ਵਧਾਇਆ ਜਦੋਂ ਤੁਸੀਂ ਆਪਣਾ ਹੱਥ ਅਗਾਂਹ ਵਧਾਇਆ ਸੀ ਮੈਂ ਕਿਸੇ ਚੀਜ਼ ਤੇ ਧਿਆਨ ਦੇ ਰਿਹਾ ਸੀ। ਇਹ ਤਾਂ ਪਰਛਾਈ ਸੀ। ਇਹ ਅਸਲੀ ਅਤੇ ਕਾਲੀ ਸੀ। ਇਹੀ ਕਾਰਣ ਹੈ। ਮੈਂ ਜਾਣਦਾ ਹਾਂ ਕਿ ਮੈਂ ਤੁਹਾਡੇ ਹੱਥ ਨੂੰ ਫ਼ੜਿਆ ਸੀ। ਤੇ ਮੈਂ ਇਸਨੂੰ ਉਸ ਢੰਗ ਨਾਲ ਲੱਭ ਲਵਾਂਗਾ, ਸਮਝੇ? ਪਰ ਇਹ ਤਾਂ ਕੈਂਸਰ ਹੈ। ਤੁਸੀਂ ਨਿਹਚਾ ਕਰਦੇ ਹੋ ਖੁਦ ਇਹਨੂੰ ਹਟਾ ਸਕਦਾ ਹੈ। ਇਹ ਤੁਹਾਡੀ ਛਾਤੀ ਦੇ ਖੱਬੇ ਪਾਸੇ ਹੈ। ਤੁਸੀਂ ਕੈਰੋਲੀਨਾਂ ਨੂੰ ਵਾਪਿਸ ਜਾਣਾ ਚਾਹੁੰਦੇ ਹੋ ਅਤੇ ਚੰਗੇ ਹੋ ਜਾਣ ਦੇ ਲਈ ਪ੍ਰਭੂ ਦੀ ਵਡਿਆਈ ਕਰਨ ਚਾਹੁੰਦੇ ਹੋ। ਕੀ ਤੁਸੀਂ ਨਹੀਂ ਕਰਨ ਚਾਹੁੰਦੇ? ਸਮਝੇ ਮੇਰਾ ਕੀ ਮਤਲਬ ਹੈ? ਆਓ ਪ੍ਰਾਰਥਨਾ ਕਰੀਏ।

192 ਪਿਆਰੇ ਖੁਦਾ, ਯਿਸੂ ਮਸੀਹ ਦੇ ਨਾਮ ਵਿੱਚ ਉਹ ਜਿਹੜਾ ਕਿ ਹੁਣ ਹਾਜਰ ਹੈ। ਸੱਚੇ ਪਰਮੇਸ਼ਵਰ ਦੀ ਰੋਟੀ ਖਾ ਰਹੇ ਹਨ। ਕਾਸ਼ ਕਿ ਇਹ ਬੱਚਾ ਵੀ ਵਿਸ਼ਵਾਸ ਦਾ ਆਨੰਦ ਮਾਣੇ ਪਰਮੇਸ਼ਵਰ ਦੀ ਰੋਟੀ ਜਿਹੜੀ ਕਿ ਉਹ ਉਸਨੂੰ ਉਸਦੀ ਚੰਗਿਆਈ ਦੇ ਲਈ ਦਿੰਦਾ ਹੈ, ਕਾਸ਼ ਕਿ ਉਹ ਚੰਗਾ ਹੋ ਜਾਵੇ, ਯਿਸੂ ਮਸੀਹ ਦੇ ਨਾਮ ਵਿੱਚ ਆਮੀਨ।

ਖੁਦਾ ਤੁਹਾਨੂੰ ਬਰਕਤ ਦੇਵੇ, ਭਾਈ। ਆਪਣੇ ਸਾਰੇ ਦਿਲ ਨਾਲ ਨਿਹਚਾ ਕਰੋ।

ਤੁਹਾਡਾ ਕੀ ਹਾਲ ਹੈ?

193 ਕੀ ਇਹ ਅਦਭੁਤ ਸਮਾਂ ਨਹੀਂ ਹੈ? ਬਸ ਇਦਾਂ ਜਾਪਦਾ ਹੈ ਕਿ ਲੋਕਾਂ ਉੱਤੇ ਹੈਰਾਨੀ ਜਿਹੀ ਛਾਈ ਹੋਈ ਹੈ। ਜਾਂ, ਇਹ ਇੱਕ ਅਵਾਜ ਹੋ ਸਕਦੀ ਹੈ, ਕੰਨਾਂ ਦੇ ਲਾਗੋਂ ਦੀ ਜਿਸ ਤਰ੍ਹਾਂ ਕਿ ਕੁਝ ਜਾਂ ਰਿਹਾ ਹੈ, "ਉਏ"! ਇਸ ਤਰ੍ਹਾਂ ਦੀ ਕੁਝ ਅਵਾਜ ਕਰ ਰਿਹਾ ਹੈ। "ਉਏ" ਇਦਾਂ ਦੀ, ਸਮਝੇ? ਇਹ ਤੁਹਾਡੀ ਹੈ, ਇਹ ਤੁਹਾਡੇ ਲਈ ਹੈ। ਇਹ ਮੇਰੇ ਲਈ ਨਹੀਂ ਹੈ। ਇਹ ਤੁਹਾਡੇ ਲਈ ਹੈ। ਠੀਕ ਇਸ ਸਮੇਂ ਮੈਂ ਤੁਹਾਡਾ ਧੰਨਵਾਦੀ ਹਾਂ, ਮੈਂ ਨਹੀਂ ਹਾਂ...ਮੈਂ ਠੀਕ ਹਾਂ, ਜਿੱਥੋਂ ਤਕ ਕਿ ਮੈਂ ਜਾਣਦਾ ਹਾਂ; ਇਹ ਮੇਰੇ ਲਈ ਵੀ ਰੋਟੀ ਹੈ, ਜਦੋਂ ਮੈਨੂੰ ਇਹਦੀ ਲੋੜ ਹੈ। ਇਹ

ਤੁਹਾਡੇ ਲਈ ਰੋਟੀ ਹੈ। ਇਹ ਦਲੇਰੀ ਹੈ। ਤੁਹਾਡੇ ਲਈ ਜੋ ਕਿ ਬਿਮਾਰ ਵੀ ਨਹੀਂ ਹਨ ਇਹ ਤਾਂ ਸਾਡੇ ਦਿਲਾਂ ਨੂੰ ਉਤਾਂਹ ਖੁਦ ਦੇ ਸਾਹਮਣੇ ਲਿਆਉਂਦਾ ਹੈ।

194 ਇਹ ਤਾਂ ਬਿਲਕੁਲ ਠੀਕ ਸਮੇਂ ਵਿੱਚ ਹੈ। ਜੋ ਉਹਨੇ ਆਖਿਆ ਸੀ ਕਿ ਉਹ ਕਰੇਗਾ, "ਜਿਸ ਤਰ੍ਹਾਂ ਸੱਦੂਮ ਦੇ ਦਿਨੀਂ ਸੀ। ਸੋ ਉਸ ਤਰ੍ਹਾਂ ਹੀ ਮਨੁੱਖ ਦੇ ਪੁੱਤਰ ਦੇ ਆਉਣ ਦੇ ਦਿਨੀਂ ਹੋਵੇਗਾ। ਜਦ ਮਨੁੱਖ ਦਾ ਪੁੱਤਰ ਪ੍ਰਗਟ ਕੀਤਾ ਜਾਵੇਗਾ"। ਸਮਝੇ? "ਅਤੇ ਵੇਖੋ ਮੈਂ ਏਲੀਯਾਹ ਨਬੀ ਨੂੰ ਤੁਹਾਡੇ ਅੱਗੇ ਘੱਲਦਾ ਹਾਂ, ਪ੍ਰਭੂ ਦੇ ਮਹਾਨ ਅਤੇ ਭਿਆਨਕ ਦਿਨ ਤੋਂ ਪਹਿਲਾਂ। ਤੇ ਉਹ ਲੋਕਾਂ ਦੇ ਦਿਲ ਵਾਪਿਸ ਪੇਵਾਂ ਦੀ ਵੱਲ ਮੋੜੇਗਾ"। ਸਮਝੇ? ਸਮਝੇ?

195 "ਅਤੇ ਤਦ ਧਰਮੀ ਦੁਸ਼ਟਾਂ ਦੀ ਰਾਖ ਉੱਤੇ ਚਲਣਗੇ" ਉਹ ਤੰਦੂਰ ਵਾਂਗੂ ਤਪਣਗੇ, ਸਮਝੇ, ਅਤੇ ਧਰਤੀ। ਅਸੀਂ ਵੇਖਦੇ ਹਾਂ ਕਿ ਇਹ ਡਿੱਗ ਪਵੇਗੀ। ਜਵਾਲਾਮੁਖੀ ਸਾਰੀ ਧਰਤੀ ਉੱਤੇ ਫ਼ੈਲ ਜਾਵੇਗਾ, ਅਤੇ ਅਕਾਸ਼ਾਂ ਨੂੰ ਅੱਗ ਲੱਗ ਜਾਵੇਗੀ।

ਔਹ, ਯੁਗਾਂ ਦੀ ਚਟਾਨ, ਹੁਣ ਮੇਰੇ ਉੱਤੇ ਦਯਾ ਕਰ ਅਤੇ ਤਦ।

196 ਤੁਹਾਡਾ ਕੀ ਹੈ? ਠੀਕ ਹੈ, ਭਾਈ ਇੱਕ ਗੱਲ ਹੈ ਕਿ ਤੁਹਾਨੂੰ ਇਸਤ੍ਰੀ ਰੋਗ ਹੈ, ਇਸਤ੍ਰੀ ਰੋਗ। ਦੂਸਰੀਆਂ ਵੀ ਚੀਜਾਂ ਹਨ। ਤੁਸੀਂ ਪਰੇਸ਼ਾਨ ਰਹਿੰਦੇ ਹੋ ਤੇ ਇਹ ਪਰੇਸ਼ਾਨ ਹੋਣ ਦੀ ਉਮਰ ਹੈ। ਹਰ ਕਿਸਮ ਦੀਆਂ ਮੁਸ਼ਕਲਾਂ। ਤੁਹਾਡੀ ਇੱਕ ਚਾਹ ਵੀ ਹੈ, ਤੇ ਉਹ ਹੈ ਪਵਿੱਤਰ ਆਤਮਾ ਪਾਉਣਾ। ਇਹ ਠੀਕ ਹੈ। ਇਹ ਹੀ ਉਹ ਹੈ। ਕੀ ਤੁਸੀਂ ਨਿਹਚਾ ਕਰਦੇ ਹੋ ਕਿ ਤੁਸੀਂ ਹੋ...ਕੀ ਤੁਸੀਂ ਸਭ ਕੁਝ ਦਾ ਇਕਰਾਰ ਕਰ ਲਿਆ ਹੈ। ਤੁਸੀਂ ਨਿਹਚਾ ਕਰਦੇ ਹੋ ਕਿ ਜੇ ਮੈਂ ਤੁਹਾਡੇ ਉੱਤੇ ਹੱਥ ਰੱਖਾਂ ਅਤੇ ਪਰਮੇਸ਼ਵਰ ਕੋਲੋਂ ਮੰਗਾਂ ਕਿ ਉਹ ਇਹ ਕਰੇ, ਅਤੇ ਪਵਿੱਤਰ ਆਤਮਾ ਆ ਜਾਵੇਗਾ? (ਭੈਣ ਕਹਿੰਦੀ ਹੈ, "ਹਾਂ"—ਸੰਪਾ) ਤੁਸੀਂ ਨਿਹਚਾ ਕਰਦੇ ਹੋ? ["ਹਾਂ, ਸ਼੍ਰੀਮਾਨ ਜੀ"] ਆਓ ਪ੍ਰਾਰਥਨਾ ਕਰੀਏ।

197 ਪਿਆਰੇ ਖੁਦਾ, ਮੈਂ ਆਪਣੇ ਹੱਥ ਇਸ ਔਰਤ ਤੇ ਰੱਖਦਾ ਹਾਂ, ਰਸੂਲਾਂ ਦੇ ਤਰੀਕੇ ਨਾਲ, ਤੇ ਮੰਗਦਾ ਹਾਂ ਕਿ ਉਹ ਪਵਿੱਤਰ ਆਤਮ ਪਾਵੇ। ਯਿਸੂ ਮਸੀਹ ਦੇ ਨਾਮ ਵਿੱਚ ਕਾਸ਼ ਕਿ ਉਹ ਪਾਵੇ। ਆਮੀਨ।

198 ਇਹਦਾ ਸ਼ੱਕ ਨਾ ਕਰੋ। ਇਹ ਤੁਹਾਡਾ ਹੈ। ਸਮਝੇ। ਇਹ ਤੁਹਾਡਾ ਹੈ। ਇਹ—ਇਹ ਬੱਚਿਆਂ ਦੀ ਰੋਟੀ ਹੈ।

199 ਅਤੇ ਥੋੜ੍ਹੀ ਜਿਹੀ ਅਜੀਬ ਢੰਗ ਦੀ ਮਹਿਸੂਸਿਅਤ ਹੋਈ ਜਦ ਮੈਂ ਆਖਿਆ, "ਇਸਤ੍ਰੀ ਰੋਗ" ਕੀ ਤੁਹਾਨੂੰ ਨਹੀਂ ਹੈ? ਕਿਉਂਕਿ ਇਹੋ ਕੁਝ ਤੁਹਾਨੂੰ ਹੈ। ਹੁਣ ਤੁਸੀਂ ਨਿਹਚਾ ਕਰਦੇ ਹੋ ਕਿ ਤੁਸੀਂ ਠੀਕ ਹੋ ਜਾਓਗੇ? ਜਾਓ ਤੇ ਪ੍ਰਭੂ ਦਾ ਧੰਨਵਾਦ ਕਰੋ।

200 ਤੁਹਾਡਾ ਕੀ ਹਾਲ ਚਾਲ ਹੈ? ਕੀ ਤੁਸੀਂ ਆਪਣੇ ਸਾਰੇ ਦਿਲ ਨਾਲ ਵਿਸ਼ਵਾਸ ਕਰਦੇ ਹੋ? ਤੁਸੀਂ ਨਿਹਚਾ ਕਰਦੇ ਹੋ ਕਿ ਤੁਸੀਂ ਉਸੇ ਤਰ੍ਹਾਂ ਖਾਣਾ ਸ਼ੁਰੂ ਕਰੋਗੇ ਜਿਵੇਂ ਕਿ ਤੁਸੀਂ ਪਹਿਲਾਂ ਖਾਂਦੇ ਹੁੰਦੇ ਸੀ। ਠੀਕ ਹੈ। ਜਾਓ ਤੇ ਆਖੋ, "ਪ੍ਰਭੂ, ਤੇਰਾ ਧੰਨਵਾਦ। ਮੈਂ ਵਿਸ਼ਵਾਸ ਕਰਦਾ ਹਾਂ"। ਪ੍ਰਭੂ ਦੀ ਹਜ਼ੂਰੀ।

201 ਤੁਸੀਂ ਨਿਹਚਾ ਕਰਦੇ ਹੋ ਕਿ ਪਿੱਠ ਦਾ ਨੁਕਸ ਤੁਹਾਨੂੰ ਛੱਡ ਜਾਵੇਗਾ ਤੇ ਤੁਸੀਂ ਚੰਗੇ ਹੋ ਜਾਵੋਗੇ। ਠੀਕ ਹੈ ਭਾਈ। ਇਹ ਆਖਦੇ ਜਾਓ, "ਪਿਆਰੇ ਖੁਦਾ, ਤੇਰਾ ਧੰਨਵਾਦ", ਤੇ ਖੁਦ ਤੁਹਾਨੂੰ ਇਹ ਬਖਸ਼ ਦੇਵੇਗਾ।

202 ਤੁਸੀਂ ਨਿਹਚਾ ਕਰਦੇ ਹੋ ਕਿ ਤੁਸੀਂ ਚੰਗੇ ਹੋ ਸਕਦੇ, ਪ੍ਰਭੂ ਤੁਹਾਨੂੰ ਚੰਗਾ ਕਰੇਗਾ, ਤੁਹਾਨੂੰ ਜੋੜਾਂ ਦਾ ਦਰਦ ਨਹੀਂ ਹੋਵੇਗਾ, ਤੁਸੀਂ ਚੰਗੇ ਤੇ ਸਿਹਤਮੰਦ ਹੋ ਜਾਓਗੇ? ਕੀ ਤੁਸੀਂ ਇਸਦਾ ਵਿਸ਼ਵਾਸ ਕਰਦੇ ਹੋ? ਜਾਓ, ਉਸਨੂੰ ਧੰਨਵਾਦ ਦਿਓ, ਕਹੋ, "ਪ੍ਰਭੂ, ਮੈਂ ਆਪਣੇ ਸਾਰੇ ਦਿਲ ਤੋਂ ਮੰਨਦਾ ਹਾਂ ਅਤੇ ਮੈਂ ਇਸਦਾ ਵਿਸ਼ਵਾਸ ਕਰਦਾ ਹਾਂ"।

ਤੁਸੀਂ ਸਭ ਬਾਹਰ ਇਹਦੇ ਬਾਰੇ ਵਿੱਚ ਕੀ ਨਿਹਚਾ ਕਰਦੇ ਹੋ?

203 ਤੁਸੀਂ ਠੀਕ ਇੱਥੇ ਆਪਣੇ ਹੱਥ ਉਸ ਇਸਤ੍ਰੀ ਦੇ ਉੱਤੇ ਰੱਖੋ ਜਿਹੜੀ ਕਿ ਠੀਕ ਤੁਹਾਡੇ ਲਾਗੇ ਬੈਠੀ ਹੈ। ਉੱਥੇ, ਉਹਨੂੰ ਦੱਸੋ ਕਿ ਉਹਦੀਆਂ ਨਸਾਂ ਦੀ ਸੋਜ ਅਤੇ ਜੋੜਾਂ ਦਾ ਦਰਦ ਜਾਂਦਾ ਰਹੇਗਾ। ਜਦ ਉਹ…?…

204 ਖੁਦਾ ਤੁਹਾਨੂੰ ਬਰਕਤ ਦੇਵੇ। ਤੁਸੀਂ ਨਿਹਚਾ ਕਰਦੇ ਹੋ ਕਿ ਤੁਸੀਂ ਹੁਣ ਚੰਗੇ ਹੋ ਜਾਓਗੇ? ਘਰ ਜਾਓ ਤੇ ਚੰਗੇ ਹੋ ਜਾਓ। ਖੁਦ ਤੁਹਾਨੂੰ ਬਰਕਤ ਦੇਵੇ। ਆਪਣੇ ਰਾਹ ਜਾਓ ਤੇ ਆਖੋ, "ਪ੍ਰਭੂ ਯਿਸੂ, ਤੇਰਾ ਧੰਨਵਾਦ"।

205 ਤੁਹਾਡਾ ਕੀ ਹਾਲ ਹੈ? (ਭੈਣ ਕਹਿੰਦੀ ਹੈ, "ਪ੍ਰਭੂ ਦੀ ਵਡਿਆਈ ਹੋਵੇ"।—ਸੰਪਾ) ਤੁਸੀਂ ਨਿਹਚਾ ਕਰਦੇ ਹੋ ਕਿ ਤੁਹਾਨੂੰ ਵੀ ਇਸਤ੍ਰੀ ਰੋਗ ਛੱਡ ਜਾਵੇਗਾ? ("ਮੈਂ ਕਰਦੀ ਹਾਂ") ਅਤੇ ਤੁਸੀਂ ਵੀ ਚੰਗੇ ਹੋ ਜਾਓਗੇ। ("ਯਿਸੂ, ਤੇਰਾ ਧੰਨਵਾਦ") ਜਾਓ ਅਤੇ ਆਖੋ, "ਪ੍ਰਭੂ, ਤੇਰਾ ਧੰਨਵਾਦ"। ("ਯਿਸੂ, ਤੇਰਾ ਧੰਨਵਾਦ")

206 ਤੁਹਾਡਾ ਕੀ ਹਾਲ ਹੈ? (ਭੈਣ ਨੇ ਕਿਹਾ, "ਉਪਾਸਥੀ ਖਿੱਚੀ ਗਈ ਹੈ") ਕਿਉਂ, ਮੇਰੇ ਪ੍ਰਭੂ, ਮੇਰੇ ਪ੍ਰਭੂ! ("ਟੋਟਣ") ਮੈਂ ਤੁਹਾਡਾ ਨਾਮ ਜਾਣਦਾ ਹਾਂ। ਜਦ ਮੈਂ—ਮੈਂ...("ਟੋਟਣ") ਜਦ ਮੈਂ ਬੈਪਟਿਸਟ ਚਰਚ ਦਾ ਪਾਸਟਰ ਸਾਂ। ("ਟੋਟਣ") ਟੋਟਣ। ("ਦੇਲਾ ਟੋਟਣ") ਭੈਣ ਦੇਲਾ ਟੋਟਣ। ਤੁਸੀਂ ਹੁਣ ਪਿੱਠ ਦੇ ਦਰਦ ਤੋਂ ਦੁਖੀ ਹੋ। ("ਹਾਂ") ਸਭ ਠੀਕ ਹੋ ਜਾਵੇਗਾ, ਹੁਣ। ਤੁਸੀ ਨਿਹਚਾ ਕਰਦੇ ਹੋ ਕਿ ਉਹ ਤੁਹਾਨੂੰ ਚੰਗਾ ਕਰਨ ਜਾ ਰਿਹਾ ਹੈ? ("ਹਾਂ") ਕੀ ਤੁਹਾਨੂੰ ਯਾਦ ਹੈ ਕਿ ਕੁਝ ਸਾਲ ਪਹਿਲਾਂ ਮਿੱਲਟਾਊਨ ਬੈਪਟਿਸਟ ਕਲੀਸੀਆ ਵਿੱਚ ਕੀ

ਹੋਇਆ ਸੀ? ("ਹਾਂ, ਮੈਨੂੰ ਉਹ ਯਾਦ ਹੈ!") ਉਹ ਅੱਜ ਵੀ ਉਹੀ ਪਰਮੇਸ਼ਵਰ ਹੈ। ("ਓਹ, ਪ੍ਰਭੂ ਦਾ ਧੰਨਵਾਦ") ਪ੍ਰਭੂ ਤੁਹਾਨੂੰ ਬਰਕਤ ਦੇਵੇ, ਮੇਰੀ ਭੈਣ।

ਜੋਰਜ ਰਾਈਟ, ਤੁਸੀਂ ਕਿੱਥੇ ਹੋ? ਤੁਹਾਨੂੰ ਯਾਦ ਹੈ? ਮੇਰੇ ਪ੍ਰਭੂ, ਕਿਵੇਂ।

ਤੁਸੀਂ ਨਿਹਚਾ ਕਰਦੇ ਹੋ, ਕਿ ਜੇ ਮੈਂ ਇਸ ਮਸਹ ਦੇ ਨਾਲ ਤੁਹਾਡੇ ਉੱਤੇ ਹੱਥ ਰੱਖਾਂ, ਤੁਸੀਂ ਨਿਹਚਾ ਕਰਦੇ ਹੋ ਕਿ ਤੁਸੀਂ ਚੰਗੇ ਹੋ ਜਾਓਗੇ? ਇੱਥੇ ਆਓ। ਯਿਸੂ ਮਸੀਹ ਦੇ ਨਾਮ ਵਿੱਚ ਕਾਸ਼ ਕਿ ਚੰਗੇ ਹੋ ਜਾਓ। ਆਮੀਨ। ਨਿਹਚਾ ਰੱਖੋ।

ਠੀਕ ਹੈ, ਕੀ ਤੁਸੀਂ ਸਭ ਆਪਣੇ ਦਿਲੋਂ ਵਿਸ਼ਵਾਸ ਕਰਦੇ ਹੋ? [ਸਭਾ ਆਖਦੀ ਹੈ, "ਆਮੀਨ"—ਸੰਪਾ]

207 ਹੁਣ ਕਿੰਨਾਂ ਚੰਗਾ ਇਹ ਪੁਰਾਣੀਆਂ ਯਾਦਾਂ ਨੂੰ ਲਿਆਉਂਦਾ ਹੈ, ਉਸ ਇਸਤ੍ਰੀ ਨੂੰ ਵੇਖਣਾ! ਮੈਂ ਉਹਦੇ ਨਾਮ ਬਾਰੇ ਸੋਚ ਨਹੀਂ ਸਕਦਾ, ਤਦ ਵੀ, ਪਰ ਮੈਂ ... [ਕੋਈ ਕਹਿੰਦਾ ਹੈ, "ਟੋਟਣ"] ਟੋਟਣ, ਟੋਟਣ, ਇਹ ਠੀਕ ਹੈ। ਔਹ, ਹਾਂ ਜੀ, ਉਹਦੀ ਕੁੜੀ ਬਰਟੀ ਸੀ, ਇਹ ਠੀਕ ਹੈ। ਇਹ ਬਿਲਕੁਲ ਠੀਕ ਹੈ। ਇਹ ਨਾ ਸੋਚੋ ਕਿ ਮੈਂ ਆਪੇ ਤੋਂ ਬਾਹਰ ਹਾਂ, ਮੈਂ ਤਾਂ ਇੱਕ ਕਿਸਮ ਨਾਲ ਥੋੜ੍ਹਾ ਜਿਹਾ, ਤੁਸੀਂ ਜਾਣਦੇ ਹੋ, ਇਹ ਤਾਂ ਇੱਕ ਕਿਸਮ ਨਾਲ...ਮੈਂ ਇਹਦੀ ਵਿਆਖਿਆ ਨਹੀਂ ਕਰ ਸਕਦਾ ਹਾਂ।

208 ਪਰ ਇਸਤ੍ਰੀ ਤੇਰੀ ਪਿੱਠ ਦਾ ਨੁਕਸ ਜਾਂਦਾ ਰਿਹਾ ਹੈ। ਜਾ ਤੇ ਪ੍ਰਭੂ ਦੀ ਵਡਿਆਈ ਕਰ। ਅਤੇ ਆਖ, "ਪ੍ਰਭੂ ਤੇਰਾ ਧੰਨਵਾਦ ਹੋਵੇ"।

209 ਤੁਸੀਂ ਨਿਹਚਾ ਕਰਦੇ ਹੋ ਕਿ ਤੁਹਾਡੇ ਦਿਲ ਦੀ ਤਕਲੀਫ ਵੀ ਜਾਂਦੀ ਰਹੇਗੀ? [ਮਰੀਜ ਕਹਿੰਦਾ ਹੈ, "ਹਾਂ"—ਸੰਪਾ] ਜਾਓ, ਤੇ ਆਨੰਦ ਮਾਣੋ, ਅਤੇ ਆਖੋ "ਪ੍ਰਭੂ ਯਿਸੂ, ਤੇਰਾ ਧੰਨਵਾਦ"। ਇਹਨੂੰ ਮੰਨੋ। ਠੀਕ ਹੈ। ਹੁਣ ਨਿਹਚਾ ਕਰੋ। ਸ਼ੱਕ ਨਾ ਕਰੋ।

210 ਆਓ, ਇਸਤ੍ਰੀ। ਕੀ ਤੁਸੀਂ ਆਪਣੇ ਸਾਰੇ ਦਿਲ ਨਾਲ ਵਿਸ਼ਵਾਸ ਕਰਦੇ ਹੋ? ਤੁਹਾਡੇ ਨਾਲ ਕਈ ਨੁਕਸ ਹਨ। ਤੁਹਾਡੇ ਲੱਕ ਵਿੱਚ ਵੀ ਨੁਕਸ ਹੈ। ਤੁਸੀਂ ਨਿਹਚਾ ਕਰਦੇ ਹੋ ਕਿ ਖੁਦਾ ਤੁਹਾਨੂੰ ਚੰਗਿਆਂ ਕਰ ਦੇਵੇਗਾ? ਠੀਕ ਹੈ। ਜਾਓ, ਆਨੰਦ ਮਾਣਦੇ ਹੋਏ। ਉਹ, ਇਹ ਤਾਂ ਉਹ ਹੈ ਜੋ ਕਿ ਤੁਹਾਨੂੰ ਇਸ ਤਰ੍ਹਾਂ ਮਹਿਸੂਸ ਕਰਾਉਂਦਾ ਹੈ। ਪ੍ਰਭੂ ਦਾ ਧੰਨਵਾਦ ਕਰੋ। ਭੈਣ ਖੁਦਾ ਤੁਹਾਨੂੰ ਬਰਕਤ ਦੇਵੇ।

211 ਉਏ ਪੁੱਤਰਾ। [ਮੁੰਡਾ ਕਹਿੰਦਾ ਹੈ, "ਹੈਲੋ"—ਸੰਪਾ] ਤੁਸੀਂ ਨਿਹਚਾ ਕਰਦੇ ਹੋ ਕਿ ਖੁਦਾ ਉਸ ਬੱਚੇ ਦੀ ਪਰੇਸ਼ਾਨੀ ਨੂੰ ਚੰਗਿਆ ਕਰਕੇ ਤੇ ਇਹਨੂੰ ਠੀਕ ਕਰੇਗਾ? ਤੁਸੀਂ ਇਹਦੀ ਨਿਹਚਾ ਕਰਦੇ ਹੋ? ਠੀਕ ਹੈ। ਹੈਲੋ, ਮਿੱਤਰ, ਮੈਨੂੰ ਤੇਰੇ ਨਾਲ ਹੱਥ ਮਿਲਾਉਣ ਦੇ।

212 ਪਿਆਰੇ ਖੁਦਾ, ਇਸ ਬੁਰੀ ਚੀਜ ਨੂੰ ਇਸ ਮੁੰਡੇ ਤੋਂ ਦੂਰ ਕਰ। ਤੇ ਕਾਸ਼ ਕਿ ਉਹ ਜਿਉਂਦਾ ਰਹੇ ਤੇ ਠੀਕ ਹੋ ਜਾਏ। ਯਿਸੂ ਮਸੀਹ ਦੇ ਨਾਮ ਵਿੱਚ, ਆਮੀਨ।

213 ਭਾਈ ਜੀ ਖੁਦਾ ਤੁਹਾਨੂੰ ਬਰਕਤ ਦੇਵੇ। ਤੁਸੀਂ ਇਹਦੀ ਨਿਹਚਾ ਕਰਦੇ ਹੋ, ਕੀ ਤੁਸੀਂ ਨਹੀਂ ਕਰਦੇ? ਅਤੇ ਠੀਕ ਹੋ ਜਾਓ। ਜਰਾ ਵੀ ਸ਼ੱਕ ਨਾ ਕਰੋ।

214 ਬੜੇ ਹੀ ਨੌਜਵਾਨ ਨੂੰ ਦਿਲ ਦਾ ਨੁਕਸ। ਤੁਸੀਂ ਨਿਹਚਾ ਕਰਦੇ ਹੋ ਕਿ ਖੁਦਾ ਤੁਹਾਨੂੰ ਚੰਗਿਆਂ ਕਰੇਗਾ? [ਮਰੀਜ ਕਹਿੰਦਾ, "ਹਾਂ, ਸ਼੍ਰੀਮਾਨ,"—ਸੰਪਾ] ਜਾਓ ਤੇ ਆਖੋ, "ਪ੍ਰਭੂ ਤੇਰਾ ਧੰਨਵਾਦ ਹੋਵੇ, ਮੈਨੂੰ ਚੰਗਾ ਕਰਨ ਲਈ"।

215 ਤੁਸੀਂ ਨਿਹਚਾ ਕਰਦੇ ਹੋ ਕਿ ਖੁਦਾ ਪੇਟ ਦੇ ਨੁਕਸ ਨੂੰ ਵੀ ਚੰਗਾ ਕਰਕੇ ਤੁਹਾਨੂੰ ਤੰਦਰੁਸਤ ਬਣਾਏਗਾ? ਜਾਓ ਅਤੇ ਆਨੰਦ ਮਾਣੋ ਅਤੇ ਆਖੋ, "ਪ੍ਰਭੂ ਤੇਰਾ ਧੰਨਵਾਦ ਹੋਵੇ"।

216 ਉਹ ਅਜੇ ਵੀ ਪਰਮੇਸ਼ਵਰ ਹੈ। ਕੀ ਉਹ ਨਹੀਂ ਹੈ? [ਸਭਾ ਆਖਦੀ ਹੈ, "ਆਮੀਨ"] ਬਸ ਇੱਕ ਚੀਜ ਤੁਸੀਂ ਕਰਨੀ ਹੈ ਸਿਰਫ਼ ਨਿਹਚਾ ਕਰੋ। ਕੀ ਇਹ ਠੀਕ ਨਹੀਂ ਹੈ? ਕੀ ਤੁਸੀਂ ਆਖਰੀ ਦਿਨਾਂ ਵਿੱਚ ਮਨੁੱਖ ਦੇ ਪੁੱਤਰ ਵਿਚ ਨਿਹਚਾ ਕਰਦੇ ਹੋ?

217 ਕੁਝ ਮਿੰਟ ਪਹਿਲਾਂ ਇੱਥੇ ਕੁਝ ਹੋਇਆ ਸੀ ਤੇ ਮੈਂ...ਲੱਭਣ ਦਾ ਯਤਨ ਕਰ ਰਿਹਾ ਸਾਂ ਕਿ ਇਹ ਕਿੱਥੇ ਸੀ। ਕਿਸੇ ਦੇ ਕੋਲ ਨਿਹਚਾ ਸੀ ਤੇ ਕੁਝ ਕੀਤਾ ਸੀ। ਜਾਂ ਹੋ ਸਕਦਾ ਹੈ ਕਿ ਮੈਂ ਉਹਨਾਂ ਨੂੰ ਅਗਲੇ ਐਤਵਾਰ ਲਵਾਂਗਾ ਜਾਂ ਜਦੋਂ ਮੈਂ ਲਈ ਸਕਦਾ ਹਾਂ। ਕੀ ਤੁਸੀਂ ਹੋ...ਉੱਥੇ ਇਹ ਫਿਰ ਦੁਬਾਰਾ ਹੈ। ਤੁਸੀਂ ਆਪਣਾ ਹੱਥ ਉਤਾਂਹ ਚੁੱਕਿਆ ਹੈ। ਕੀ ਤੁਸੀਂ ਨਿਹਚਾ ਕਰਦੇ ਹੋ ਕਿ ਖੁਦਾ ਉਸ ਦਿਲ ਦੀ ਬਿਮਾਰੀ ਨੂੰ ਵੀ ਚੰਗਿਆ ਕਰ ਸਕਦਾ ਹੈ, ਤੁਹਾਨੂੰ ਤੰਦਰੁਸਤ ਕਰ ਸਕਦਾ ਹੈ, ਤੁਹਾਡੀ ਬੇਟੀ ਨੂੰ ਵੀ ਉੱਥੇ ਬਾਹਰ ਚੰਗਿਆ ਕਰ ਸਕਦਾ ਹੈ... ਤੁਸੀਂ ਇਹ ਨਿਹਚਾ ਕਰਦੇ ਹੋ। ਸ਼੍ਰੀ ਮਤੀ ਨੈਫ, ਤੁਸੀਂ ਨਿਹਚਾ ਕਰਦੇ ਹੋ ਕਿ ਖੁਦਾ...ਲਿਉ ਨੈਫ। ਮੈਂ ਤੁਹਾਨੂੰ ਨਹੀਂ ਜਾਣਦਾ, ਪਰ ਇਹੋ ਹੀ ਤੁਸੀਂ ਹੋ। ਤੁਹਾਨੂੰ ਦਿਲ ਦੀ ਬਿਮਾਰੀ ਹੈ; ਤੇ ਤੁਹਾਡੀ ਛੋਟੀ ਬੱਚੀ ਨੂੰ ਗੁਰਦਿਆਂ ਦਾ ਨੁਕਸ ਹੈ। ਤੁਸੀਂ ਨਿਹਚਾ ਕਰਦੇ ਹੋ ਕਿ ਉਹ ਚੰਗੀ ਹੋ ਜਾਵੇਗੀ? ਤੁਹਾਡੀ ਨਿਹਚਾ ਤੁਹਾਨੂੰ ਚੰਗਿਆ ਕਰਦੀ ਹੈ। ਆਪਣੇ ਸਾਰੇ ਦਿਲ ਨਾਲ ਨਿਹਚਾ ਕਰੋ।

218 ਤੁਸੀਂ ਪਿਛਾਂਹ ਜੋ ਕਿ ਪੂਲ ਵਿੱਚ ਹੋ, ਤੇ ਉੱਥੇ ਪਿਛਾਂਹ ਪੇਟ ਦੀ ਬਿਮਾਰੀ ਦੇ ਨਾਲ ਖੜ੍ਹੇ ਹੋ, ਯਿਸੂ ਮਸੀਹ ਤੁਹਾਨੂੰ ਚੰਗਿਆ ਕਰਦਾ ਹੈ।

219 ਤੁਸੀਂ ਨਿਹਚਾ ਕਰਦੇ ਹੋ। [ਸਭਾ ਆਖਦੀ ਹੈ, "ਆਮੀਨ"—ਸੰਪਾ] ਉਹ ਅੱਜ ਕਲ ਤੇ ਯੁਗੋਂ ਯੁੱਗ ਇੱਕੋ ਜਿਹਾ ਹੈ। ਆਓ ਹੁਣ ਅਸੀਂ ਇੱਕ ਦੂਜੇ ਦੇ ਉੱਤੇ

ਆਪਣੇ ਹੱਥ ਰੱਖੀਏ। ਔਹ, ਉਸ ਘੜੀ ਦੇ ਬਾਰੇ ਸੋਚੋ ਜਿਸ ਵਿੱਚ ਅਸੀਂ ਹਾਂ, ਸਮੇਂ ਦੇ ਬਾਰੇ ਵਿੱਚ ਸੋਚੋ। ਸੋਚੋ ਕਿ ਅਸੀਂ ਯਿਸੂ ਮਸੀਹ ਦੀ ਹਜ਼ੂਰੀ ਵਿੱਚ ਹਾਂ, ਪਰਮੇਸ਼ਵਰ ਦੇ ਪੁੱਤਰ ਦੀ। ਉਹਨੇ ਵਾਇਦਾ ਕੀਤਾ ਹੈ ਕਿ ਉਹ ਇਹ ਆਖਰੀ ਦਿਨਾਂ ਵਿੱਚ ਕਰੇਗਾ। ਮੈਂ ਇਹਨਾਂ ਰੁਮਾਲਾਂ ਤੇ ਹੱਥ ਰੱਖੇ ਹਨ।

220 ਪਿਆਰੇ ਪ੍ਰਭੂ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਇਹਨਾਂ ਰੁਮਾਲਾਂ ਲੋਕਾਂ ਦੇ ਸ਼ਰੀਰਾਂ ਦੀ ਚੰਗਾਈ ਦੇ ਲਈ ਬਰਕਤ ਦੇਵੇਂਗਾ, ਯਿਸੂ ਮਸੀਹ ਦੇ ਨਾਮ ਵਿੱਚ।

221 ਹੁਣ ਤੁਹਾਡੇ ਹੱਥ ਇੱਕ ਦੂਜੇ ਤੇ ਰੱਖੇ ਹੋਏ ਤੁਹਾਡੇ ਵਿੱਚੋਂ ਹਰੇਕ ਯਿਸੂ ਮਸੀਹ ਦੇ ਦੇਹ ਦਾ ਅੰਗ ਹੈ। ਉਹੋ ਹੀ ਪਵਿੱਤਰ ਆਤਮਾ ਜਿਸਨੇ ਵਾਇਦਾ ਕੀਤਾ ਹੈ ਦਿਲਾਂ ਦੇ ਭੇਦ ਪ੍ਰਗਟ ਕਰਨ ਲਈ, ਤੇ ਇਹਨਾਂ ਚੀਜਾਂ ਨੂੰ ਕਰਨ ਲਈ ਤੇ ਇਹਨਾਂ ਚੀਜਾਂ ਨੂੰ ਕਰਨ ਲਈ, ਉਹ ਤੁਹਾਡੇ ਅੰਦਰ ਹੈ। ਤੁਸੀਂ ਉਹਦਾ ਹਿੱਸਾ ਹੋ ਤੇ ਉਹ ਤੁਹਾਡਾ ਹਿੱਸਾ ਹੈ। ਹੁਣ, ਉਹਨੇ ਇਹ ਆਖਿਆ ਹੈ, "ਨਿਹਚਵਾਨਾਂ ਦੇ ਦਰਮਿਆਨ ਇਹ ਨਿਸ਼ਾਨ ਹੋਣਗੇ", ਉਹ ਤੁਸੀਂ ਹੋ। "ਜੇ ਉਹ ਬਿਮਾਰਾਂ ਉੱਤੇ ਹੱਥ ਰੱਖਣਗੇ, ਉਹ ਚੰਗੇ ਹੋ ਜਾਣਗੇ"। ਹੁਣ ਸਿਰਫ਼ ਆਪਣੇ ਲਈ ਹੀ ਪ੍ਰਾਰਥਨਾ ਨ ਕਰੋ, ਤੇ ਉਹਦੇ ਲਈ ਪ੍ਰਾਰਥਨਾ ਕਰੋ ਜਿਹਦੇ ਉੱਤੇ ਤੁਸੀਂ ਹੱਥ ਰੱਖੇ ਹਨ, ਕਿਉਂਕਿ ਉਹ ਤੁਹਾਡੇ ਲਈ ਪ੍ਰਾਰਥਨਾ ਕਰ ਰਹੇ ਹਨ। ਹੁਣ ਆਓ ਇਕੱਠੇ ਪ੍ਰਾਰਥਨਾ ਕਰੀਏ। ਕਾਸ਼ ਕਿ ਇਸ ਇਮਾਰਤ ਵਿੱਚ ਇੱਕ ਵੀ ਕਮਜੋਰ ਮਨੁੱਖ ਨ ਹੋਵੇ। ਅਸੀਂ ਕਿਉਂ ਹੋਰ ਉਡੀਕ ਕਰੀਏ, ਮੇਰੇ ਪਿਆਰੇ ਭਾਈ ਅਤੇ ਭੈਣ, ਇੱਥੇ ਤਾਂ ਪਵਿੱਤਰ ਆਤਮਾ ਹੈ। ਖੁਦਾ ਠੀਕ ਇੱਥੇ, ਉਹ ਹੀ ਚੀਜ ਜਿਸਦੀ ਬਾਰੇ ਅਸੀਂ ਗੱਲਬਾਤ ਕੀਤੀ ਹੈ।

222 ਪਿਆਰੇ ਯਿਸੂ, ਅਸੀਂ ਤੇਰੀ ਹਜ਼ੂਰੀ ਦੀ ਪਛਾਣ ਕਰ ਰਹੇ ਹਾਂ। ਤੂੰ ਉਸ ਛੋਟੀ ਬੱਚੀ ਨੂੰ ਫਿਰ ਜੀਵਨ ਦਿੱਤਾ, ਜਦ ਕਿ ਇਹ ਮਰ ਗਈ ਸੀ, ਨਿਹਚਾ ਦੀ ਪ੍ਰਾਰਥਨਾ ਦੇ ਦੁਆਰਾ। ਪਿਆਰੇ ਖੁਦਾ, ਇੱਥੇ ਬਹੁਤ ਸਾਰੇ ਹਨ ਜਿਨ੍ਹਾਂ ਤਕ ਅਸੀਂ ਪਹੁੰਚ ਨਹੀਂ ਸਕੇ। ਸਮਾਂ ਬੀਤ ਰਿਹਾ ਹੈ। ਪਰ ਉਹਨਾਂ ਨੇ ਆਪਣੇ ਹੱਥ ਇੱਕ ਦੂਜੇ ਦੇ ਉੱਤੇ ਰੱਖੇ ਹੋ ਹਨ। ਉਹ ਨਿਹਚਾਵਾਨ ਹਨ। ਅਸੀਂ ਪ੍ਰਭੂ ਯਿਸੂ ਮਸੀਹ ਦੀ ਹਜ਼ੂਰੀ ਵਿੱਚ ਬੈਠੇ ਹੋਏ ਹਾਂ, ਜੋ ਕਿ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ। ਅੱਜ ਕਲ ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ।

223 ਸ਼ੈਤਾਨ ਤੂੰ ਹਾਰਿਆ ਹੋਇਆ ਹੈਂ! ਯਿਸੂ ਮਸੀਹ ਨੇ ਤੈਨੂੰ ਹਰਾ ਦਿੱਤਾ! ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਤੇ ਅੱਜ ਰਾਤ ਸਾਡੇ ਦਰਮਿਆਨ ਖੜਾ ਹੈ। ਤੇ ਅੰਤ ਦੇ ਦਿਨਾਂ ਦੇ ਇਸ ਸੰਦੇਸ਼ ਨੂੰ ਸਾਬਤ ਕਰ ਰਿਹਾ ਹੈ। ਇਹਨਾਂ ਲੋਕਾਂ ਵਿੱਚੋਂ ਬਾਹਰ ਆ ਜਾ! ਯਿਸੂ ਮਸੀਹ ਦੇ ਨਾਮ ਵਿੱਚ ਉਹਨਾਂ ਨੂੰ ਛੱਡ ਦੇ। "ਮੇਰੇ

ਨਾਮ ਵਿੱਚ ਉਹ ਭੂਤਾਂ ਨੂੰ ਕੱਢਣਗੇ", ਤੂੰ ਬਾਹਰ ਕੱਢਿਆ ਗਿਆ ਹੈਂ। ਯਿਸੂ ਮਸੀਹ ਦੇ ਨਾਮ ਵਿੱਚ, ਇਸ ਮੰਡਲੀ ਨੂੰ ਛੱਡ ਜਾਹ!

224 ਤੁਹਾਡੇ ਵਿੱਚੋਂ ਹੁਣ ਹਰੇਕ ਜਿਹੜਾ ਕਿ ਆਪਣੀ ਚੰਗਾਈ ਨੂੰ ਕਬੂਲ ਕਰਦਾ ਹੈ, ਆਪਣੇ ਪੈਰਾਂ ਤੇ ਖੜ੍ਹੇ ਹੋ ਜਾਏ। ਆਪਣੇ ਹੱਥ ਉਤਾਂਹ ਉਠਾ ਕੇ ਉਹਦੀ ਉਸਤਤ ਤੇ ਵਡਿਆਈ ਕਰੋ।

"ਹੁਣ ਮੈਂ ਆਪਣੀ ਚੰਗਾਈ ਨੂੰ ਕਬੂਲ ਕਰਦਾ ਹਾਂ," ਪ੍ਰਭੂ ਨੂੰ ਇਹ ਕਹੋ। ਮੈਂ ਹੁਣ ਆਪਣੀ ਚੰਗਾਈ ਕਬੂਲ ਕਰਦਾ ਹਾਂ। (ਸਭ ਆਖਦੀ ਹੈ, "ਮੈਂ ਹੁਣ ਆਪਣੀ ਚੰਗਾਈ ਕਬੂਲ ਕਰਦਾ ਹਾਂ"।—ਸੰਪਾ) ਤੂੰ ਅੱਜ, ਕੱਲ, ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ। (ਸਭ ਆਖਦੀ ਹੈ, "ਤੂੰ ਅੱਜ, ਕੱਲ, ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ"।—ਸੰਪਾ) ਮੈਂ ਹੁਣ ਤੇਰੀ ਨਿਹਚਾ ਕਰਦਾ ਹਾਂ। ("ਮੈਂ ਹੁਣ ਤੇਰੀ ਨਿਹਚਾ ਕਰਦਾ ਹਾਂ"।) ਤੂੰ ਮੇਰੀ ਬੇਪਰਤੀਤੀ ਦਾ ਇਲਾਜ ਕਰ। ("ਤੂੰ ਮੇਰੀ ਬੇਪਰਤੀਤੀ ਦਾ ਇਲਾਜ ਕਰ"।) ਆਮੀਨ। ("ਆਮੀਨ")

ਮੈਂ ਉਸਦੀ ਵਡਿਆਈ ਕਰਦਾ ਹਾਂ, ਮੈਂ ਉਸਦੀ ਵਡਿਆਈ ਕਰਦਾ ਹਾਂ,
ਲੇਲੇ ਦੀ ਪ੍ਰਸ਼ੰਸਾ ਜੋ ਪਾਪੀਆਂ ਦੇ ਲਈ ਕੋਹਿਆ ਗਿਆ;
ਤੁਸੀਂ ਸਭ ਲੋਕੋ ਉਸਨੂੰ ਜਲਾਲ ਦਿਓ,
ਕਿਉਂਕਿ ਉਹਦੇ ਲਹੂ ਨੇ ਹਰੇਕ ਦਾਗ ਨੂੰ ਧੋ ਦਿੱਤਾ ਹੈ।

225 ਕੀ ਤੁਸੀਂ ਉਹਨੂੰ ਪਿਆਰ ਕਰਦੇ ਹੋ? [ਸਭਾ ਆਖਦੀ ਹੈ, "ਆਮੀਨ"] ਆਓ ਉਸਦੀ ਉਸਤਤ ਅਤੇ ਵਡਿਆਈ ਕਰੀਏ। ਹਰੇਕ, ਆਪਣੇ ਹੱਥ ਉਠਾ ਕੇ ਉਹਦੀ ਉਸਤਤ ਕਰੋ, ਜਦ ਕਿ ਭਾਈ ਹੁਣ ਸਾਨੂੰ ਬਰਖਾਸ਼ਤ ਕਰਨ ਲਈ ਆਉਂਦਾ ਹੈ।

***ਆਤਮਕ ਭੋਜਨ ਸਹੀ ਸਮੇਂ ਵਿੱਚ*** PUN65-0718E

(Spiritual Food In Due Season)

ਇਹ ਸੰਦੇਸ਼ ਸਾਡੇ ਭਾਈ ਵਿਲਿਅਮ ਮੈਰਿਅਨ ਬ੍ਰਾਨਹਮ ਦੁਆਰਾ 18 ਜੁਲਾਈ, 1965, ਨੂੰ ਯੂ ਐਸ ਏ ਬ੍ਰਾਨਹਮ ਟੇਬਰਨੇਕਲ ਜੈਫਰਸਨਵਿਲੇ ਇੰਡਿਆਨਾ ਵਿੱਚ, ਐਤਵਾਰ ਦੀ ਸ਼ਾਮ ਨੂੰ ਦਿੱਤਾ ਗਿਆ ਹੈ ਤੇ ਇਸ ਨੂੰ ਅੰਗਰੇਜੀ ਦੀ ਮੈਗਨੇਟਿਕ ਟੇਪ ਰੈਕਰਡਿੰਗ ਵਿੱਚੋ ਅਤੇ ਪ੍ਰਿੰਟ ਵਿੱਚੋਂ ਪੂਰਾ ਲਿਆ ਗਿਆ ਹੈ। ਇਹ ਪੰਜਾਬੀ ਤੁਰਜਮਾ ਵੋਈਸ ਔਫ ਗੋਡ ਰਿਕੋਡਿੰਗ ਨੇ ਪ੍ਰਿੰਟ ਕੀਤਾ ਅਤੇ ਵੰਡਿਆ ਹੈ।

PUNJABI

©2020 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:



Voice Of God Recordings
P.O. Box 950, Jeffersonville, Indiana 47131 U.S.A.
www.branham.org